ਅਧਿਆਇ ਛੇਵਾਂ

ਅਲੰਕਾਰ ਪ੍ਰਬੰਧ : ਮੁੱਖ ਅਲੰਕਾਰ, ਗੌਣ ਅਲੰਕਾਰ

ਅਲੰਕਾਰ ਸੰਪ੍ਰਦਾ ਦਾ ਮੋਢੀ ਅਚਾਰੀਆ ਭਾਮਹ ਨੂੰ ਮੰਨਿਆ ਜਾਂਦਾ ਹੈ। ਅਲੰਕਾਰ ਉਹ ਕਾਵਿ ਤੱਤ ਹੈ ਜਿਸ ਨਾਲ ਕਾਵਿ ਵਿੱਚ ਸੁੰਦਰਤਾ ਪੈਦਾ ਹੁੰਦੀ ਹੈ। ਅਲੰਕਾਰ ਸ਼ਬਦ ਦਾ ਅਰਥ ਦੋ ਤਰੀਕਿਆਂ ਨਾਲ ਕੀਤਾ ਜਾਂਦਾ ਹੈ। ਪਹਿਲਾ 'ਜੋ ਸਜਾਉਂਦਾ ਹੈ ਉਹ ਅਲੰਕਾਰ ਹੈ' ਅਤੇ ਦੂਜਾ 'ਜਿਸ ਨਾਲ ਕਿਸੇ ਦੀ ਸਜਾਵਟ ਕੀਤੀ ਜਾਏ', ਉਹ ਅਲੰਕਾਰ ਹੈ।[1] ਕਵਿਤਾ ਵਿੱਚ ਜੋ ਅਭਿਵਿਅਕਤੀ ਦੀ ਸੋਭਾ ਨੂੰ ਵਧਾਉਂਦਾ ਹੈ ਅਤੇ ਸਾਧਾਰਣ ਨੂੰ ਅਸਾਧਾਰਣ ਬਣਾਉਂਦਾ ਹੈ, ਉਹ ਅਲੰਕਾਰ ਹੈ। ਅਲੰਕਾਰ ਨਾਲ ਕਾਵਿ ਦੇ ਅਨੰਦ ਵਿੱਚ ਵਾਧਾ ਹੁੰਦਾ ਹੈ।[2] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹ ਰੀਤਿ, ਜੋ ਕਾਵਯ ਦੀ ਸੋਭਾ ਵਧਾਵੇ।"[3] ਭਾਸ਼ਾ ਵਿਭਾਗ ਪੰਜਾਬ ਦੇ 'ਸ਼ਬਦ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰ ਦੁਹਰਾਏ ਗਏ ਹਨ।[4] ਅਲੰਕਾਰ ਨੂੰ ਆਭੂਸ਼ਣ ਵੀ ਕਹਿ ਦਿੱਤਾ ਜਾਂਦਾ ਹੈ। ਜਿਸ ਤਰ੍ਹਾ ਆਭੂਸ਼ਣ (ਗਹਿਣੇ) ਔਰਤ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ, ਇਸੇ ਤਰ੍ਹਾਂ ਅਲੰਕਾਰ ਕਵਿਤਾ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਦੇ ਹਨ।

ਅਲੰਕਾਰਾਂ ਦੀਆਂ ਤਿੰਨ ਮੁੱਖ ਸ਼੍ਰੇਣੀਆਂ ਮੰਨੀਆਂ ਗਈਆਂ ਹਨ। ਇਹਨਾਂ ਦੇ ਨਾਂ ਸ਼ਬਦ ਅਲੰਕਾਰ, ਅਰਥ ਅਲੰਕਾਰ ਅਤੇ ਸ਼ਬਦ-ਅਰਥ ਅਲੰਕਾਰ ਹਨ। ਸ਼ਬਦ ਅਲੰਕਾਰਾਂ ਦੀ ਹੋਂਦ ਸ਼ਬਦਾਂ ਨਾਲ ਹੁੰਦੀ ਹੈ। ਵਿਸ਼ੇਸ਼ ਸ਼ਬਦਾਂ ਦੀ ਥਾਂ ਸਮਾਨ ਅਰਥ ਵਾਲੇ ਹੋਰ ਸ਼ਬਦ ਰੱਖ ਦੇਣ ਨਾਲ ਅਲੰਕਾਰ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਅਨੁਪ੍ਰਾਸ ਅਲੰਕਾਰ ਸ਼ਬਦ ਅਲੰਕਾਰ ਹੁੰਦਾ ਹੈ। ਜਿਹੜੇ ਅਲੰਕਾਰ ਵਿਸ਼ੇਸ਼ ਸ਼ਬਦਾਂ ਦੇ ਬਦਲ ਦੇਣ ਨਾਲ ਵੀ ਬਣੇ ਰਹਿੰਦੇ ਹਨ, ਉਹਨਾਂ ਨੂੰ ਅਰਥ ਅਲੰਕਾਰ ਆਖਿਆ ਜਾਂਦਾ ਹੈ। ਉਪਮਾ ਅਤੇ ਰੂਪਕ ਅਰਥ ਅਲੰਕਾਰ ਹਨ। ਜਿਹੜੇ ਅਲੰਕਾਰਾਂ ਦਾ ਸਬੰਧ ਸ਼ਬਦ ਅਤੇ ਅਰਥ ਦੋਹਾਂ ਨਾਲ ਹੁੰਦਾ ਹੈ, ਉਹ 'ਸ਼ਬਦ-ਅਰਥ' ਅਲੰਕਾਰ ਹੁੰਦੇ ਹਨ। ਇਹਨਾ ਨੂੰ 'ਉਭਯ ਅਲੰਕਾਰ' ਵੀ ਕਹਿ ਦਿੱਤਾ ਜਾਂਦਾ ਹੈ।

ਅਲੰਕਾਰਾਂ ਦੀ ਗਿਣਤੀ ਸਬੰਧੀ ਵਿਦਵਾਨਾ ਵਿੱਚ ਮੱਤਭੇਦ ਹੈ। ਇਹਨਾਂ ਦੀ ਗਿਣਤੀ ਸਮੇਂ-ਸਮੇਂ ਅਨੁਸਾਰ ਬਦਲਦੀ ਰਹੀ ਹੈ। ਭਰਤ ਨੇ ਚਾਰ ਅਲੰਕਾਰਾਂ ਦਾ ਹੀ ਵਰਣਨ ਕੀਤਾ ਹੈ। ਇਹ ਚਾਰ ਅਲੰਕਾਰ ਉਪਮਾ, ਰੂਪਕ, ਦੀਪਕ ਅਤੇ ਯਮਕ ਅਲੰਕਾਰ ਹਨ। ਅਚਾਰੀਆ ਮੰਮਟ ਨੇ ਅਲੰਕਾਰਾਂ ਦੀ ਗਿਣਤੀ 67 ਮੰਨੀ ਹੈ। ਅਚਾਰੀਆ ਵਾਮਨ ਨੇ 33, ਅਚਾਰੀਆ ਦੰਡੀ ਨੇ 35, ਅਚਾਰੀਆ ਭਾਮਹ ਨੇ 9, ਅਚਾਰੀਆ ਉਦਭੱਟ ਨੇ 40, ਅਚਾਰੀਆ ਰੁਦ੍ਰਟ ਨੇ 52 ਅਤੇ ਅਚਾਰੀਆ ਜਯਦੇਵ ਨੇ ਇਹਨਾਂ ਦੀ ਗਿਣਤੀ 100 ਮੰਨੀ ਹੈ।[5]

ਅਲੰਕਾਰ ਸਾਹਿਤ ਦਾ ਜਰੂਰੀ ਤੱਤ ਨਹੀਂ ਹੈ। ਸਾਹਿਤ ਦਾ ਜਰੂਰੀ ਤੱਤ ਗੁਣ ਹੈ। ਕਾਵਿ (ਸਾਹਿਤ) ਵਿੱਚ ਅਲੰਕਾਰ ਆ ਵੀ ਸਕਦੇ ਹਨ ਅਤੇ ਨਹੀਂ ਵੀ ਆ ਸਕਦੇ। ਜਿਸ ਤਰ੍ਹਾਂ ਸੁਡੌਲ ਸਰੀਰ ਅਤੇ ਲਿਆਕਤ ਕਿਸੇ ਔਰਤ ਦੇ ਗੁਣ ਹਨ। ਗਹਿਣੇ ਉਸਦੀ ਖ਼ੂਬਸੂਰਤੀ ਵਿੱਚ ਵਾਧਾ ਕਰਦੇ ਹਨ। ਜੇਕਰ ਔਰਤ ਕੋਲ ਸੁਹੱਪਣ ਹੀ ਨਾ ਹੋਵੇ ਤਾਂ ਇਕੱਲੇ ਗਹਿਣੇ ਸੋਭਾ ਨਹੀਂ ਦਿੰਦੇ। ਇਸੇ ਤਰ੍ਹਾਂ ਜੇ ਕਾਵਿ ਵਿੱਚ ਗੁਣ ਹੋਣਗੇ ਤਾਂ ਹੀ ਅਲੰਕਾਰ ਚੰਗੇ ਲੱਗਣਗੇ। ਭਾਰਤੀ ਅਚਾਰੀਆਂ ਨੇ ਕਾਵਿ ਦੇ ਤਿੰਨ ਗੁਣ (ਮਾਧੁਰਯ, ਓਜ ਅਤੇ ਪ੍ਰਸਾਦ) ਮੰਨੇ ਹਨ।[6]

'ਔਚਿੱਤਯ ਸੰਪ੍ਰਦਾ' ਦੇ ਸੰਸਥਾਪਕ ਆਚਾਰੀਆ ਕਸ਼ੇਮੇਂਦ੍ਰ ਦਾ ਵਿਚਾਰ ਹੈ ਕਿ ਅਲੰਕਾਰ ਢੁਕਵੇਂ ਅਤੇ ਉਚਿੱਤ ਮਾਤ੍ਰਾ ਵਿੱਚ ਹੋਣੇ ਚਾਹੀਦੇ ਹਨ। ਜਿਸ ਤਰ੍ਹਾਂ ਵਧੇਰੇ ਗਹਿਣੇ ਔਰਤ ਨੂੰ ਹਾਸੋ-ਹੀਣੀ ਬਣਾ ਦਿੰਦੇ ਹਨ, ਇਸੇ ਤਰ੍ਹਾਂ ਅਲੰਕਾਰਾਂ ਦੀ ਵਧੇਰੇ ਵਰਤੋਂ ਕਾਵਿ ਨੂੰ ਕਮਜ਼ੋਰ ਕਰਦੀ ਹੈ। ਪਹਿਲੀ ਉਚਿੱਤਤਾ ਅਲੰਕਾਰਾਂ ਦੀ ਮਾਤ੍ਰਾ ਨਾਲ ਸਬੰਧਤ ਹੈ। ਦੂਜੀ ਉਚਿੱਤਤਾ ਅਲੰਕਾਰ ਦੀ ਸਹੀ ਜਗ੍ਹਾ ਵਰਤੋਂ ਕਰਨ ਨਾਲ ਸਬੰਧ ਰੱਖਦੀ ਹੈ। ਜਿਵੇਂ ਔਰਤ ਗਲ਼ ਵਿੱਚ ਤੜਾਗੀ, ਹੱਥ ਵਿੱਚ ਪਾਜ਼ੇਬਾਂ ਅਤੇ ਲੱਕ ਵਿੱਚ ਹਾਰ ਪਾ ਕੇ ਭੈੜੀ ਲੱਗਦੀ ਹੈ, ਇਸੇ ਤਰ੍ਹਾਂ ਅਲੰਕਾਰ ਦੀ ਵਰਤੋਂ ਉਚਿੱਤ ਸਥਾਨ ਉੱਤੇ ਕੀਤੀ ਜਾਣੀ ਚਾਹੀਦੀ ਹੈ।[7]

ਅਲੰਕਾਰ ਦਾ ਪ੍ਰਯੋਜਨ ਕਾਵਿ ਦੇ ਪ੍ਰਭਾਵ ਨੂੰ ਤਿੱਖਾ ਕਰਨਾ ਹੈ। ਅਲੰਕਾਰ ਕਾਵਿ ਵਿੱਚ ਸੁਹਜ ਸੁਆਦ ਪੈਦਾ ਕਰਦੇ ਹਨ। ਇਹ ਭਾਵਾਂ ਦੀ ਪ੍ਰਗਟਾ ਸ਼ੈਲੀ ਨੂੰ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਕਈ ਵਾਰੀ ਅਲੰਕਾਰ ਵਿਚਾਰਾਂ ਨੂੰ ਸਪਸ਼ਟ ਵੀ ਕਰਦੇ ਹਨ, ਜਿਵੇਂ ਦ੍ਰਿਸ਼ਟਾਂਤ ਅਲੰਕਾਰ ਅਕਸਰ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਵਰਤਿਆ ਜਾਂਦਾ ਹੈ। ਆਲੋਚਕਾਂ ਦੇ ਵਿਚਾਰਾਂ ਦਾ ਸਿੱਟਾ ਇਹ ਹੈ ਕਿ ਅਲੰਕਾਰ ਕਾਵਿ ਦੇ ਵਿਸ਼ਾ-ਵਸਤੂ ਅਤੇ ਸ਼ੈਲੀ ਵਿੱਚ ਪ੍ਰਭਾਵਕਤਾ ਪੈਦਾ ਕਰਦੇ ਹਨ। ਹੁਣ ਗੁਰੂ ਗੋਬਿੰਦ ਸਿੰਘ ਦੀ ਸਖ਼ਸ਼ੀਅਤ 'ਤੇ ਅਧਾਰਤ ਪੰਜਾਬੀ ਮਹਾਂਕਾਵਿ ਦੇ ਅਲੰਕਾਰ ਪ੍ਰਬੰਧ ਦਾ ਅਧਿਐਨ ਕੀਤਾ ਜਾਏਗਾ।

ਅਲੰਕਾਰਾਂ ਦੇ ਅਧਿਐਨ ਲਈ ਕੁਝ ਤਕਨੀਕੀ ਸ਼ਬਦਾਂ ਦੀ ਵਰਤੋਂ ਕੀਤੀ ਈ ਹੈ। ਇਹਨਾਂ ਤਕਨੀਕੀ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

1. ਉਪਮੇਅ	ਜਿਸਦੀ ਤੁਲਣਾ ਕਰਨੀ ਹੋਵੇ
2. ਉਪਮਾਨ	ਜਿਸ ਨਾਲ ਤੁਲਣਾ ਕਰਨੀ ਹੋਵੇ
3. ਵਾਚਕ ਸ਼ਬਦ	ਵਾਂਗੂੰ, ਵਰਗਾ ,ਜਿਵੇਂ ਆਦਿ
4. ਸਾਂਝਾ ਧਰਮ	ਸਾਂਝਾ ਗੁਣ ਜਿਵੇਂ ਚਿੱਟਾ, ਕਾਲਾ, ਸੋਹਣਾ

ਉਤਪ੍ਰੇਖਿਆ ਅਲੰਕਾਰ :

ਉਪਮੇਯ ਵਿੱਚ ਉਪਮਾਨ ਦਾ ਖਿਆਲ ਕਰਨਾ ਅਰਥਾਤ ਅਸਲ ਪਦਾਰਥ ਵਿੱਚ ਨਕਲ ਦੀ ਅਟਕਲ ਕਰਨੀ ਉਤਪ੍ਰੇਖਿਆ ਅਲੰਕਾਰ ਹੁੰਦਾ ਹੈ।[8] ਇਸ ਅਲੰਕਾਰ ਵਿੱਚ ਮਾਨੋ, ਗੋਯਾ, ਜਿਵੇਂ, ਜਾਣੋ ਆਦਿ ਵਾਚਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦ੍ਰਿਸ਼ਟਾਂਤ ਅਲੰਕਾਰ ਵਿੱਚ ਵੀ ਇਹਨਾਂ ਵਾਚਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਦ੍ਰਿਸ਼ਟਾਂਤ ਅਲੰਕਾਰ ਵਿੱਚ ਇੱਕ ਤੁਕ ਬਿੰਬ ਅਤੇ ਦੂਸਰੀ

ਪ੍ਰਤੀਬਿੰਬ ਹੁੰਦੀ ਹੈ। ਉਤਪ੍ਰੇਖਿਆ ਅਲੰਕਾਰ ਵਿੱਚ ਉਪਮੇਅ ਦੀ ਉਪਮਾਨ ਦੇ ਰੂਪ ਵਿੱਚ ਸੰਭਾਵਨਾ ਕੀਤੀ ਜਾਂਦੀ ਹੈ। ਜੇ ਵਾਚਕ ਸ਼ਬਦ ਨਾ ਹੋਵੇ ਤਾਂ ਗੁਪਤ ਉਤਪ੍ਰੇਖਿਆ ਹੁੰਦੀ ਹੈ।

ੳ. ਰਣ ਵਿੱਚ ਧਰਦਾ ਪੈਰ ਹੈ, ਜੀਕਣ ਕੋਈ ਬਲਵਾਨ
ਇਉਂ ਹੀ ਦਸਵੇਂ ਗੁਰੂ ਦੀ, ਤੱਕੋ ਉੱਚੀ ਸ਼ਾਨ (ਅਜ਼ਾਦ, ਪੰਨਾ 83)

ਅ. ਤ੍ਰਿਸ਼ਾ ਕੀਤਾ ਵਾਰ ਨਜ਼ਾਬਤ ਝੌਂ ਗਿਆ
ਜਾਪਣ ਲੱਗਾ ਸੁਸਰੀ ਵਾਂਗੂੰ ਸੌਂ ਗਿਆ (ਤੁਲਸੀ, ਪੰਨਾ102)

ੲ. ਕੀਰਤਨ ਅੰਦਰ ਗੂੰਜਿਆ, ਜਿਵੇਂ ਇਲਾਹੀ ਨਾਦ
ਮਾਨੋ ਸਮਾਂ ਖਲੋ ਗਿਆ, ਸੁਣਨ ਲਈ ਬੇਤਾਬ (ਸਰਨਾ, ਪੰਨਾ 5)

ਸ. ਨੂਰ ਜਹਾਂ ਦਾ ਰੂਪ ਸੀ
ਜਿਉਂ ਰੰਭਾ ਜਾਨੀ (ਹਸਰਤ, ਪੰਨਾ 24)

ਹ. ਉੱਤੋਂ ਅੱਗ ਬਾਰੂਦ ਦੀ
ਜਿਉਂ ਦੋਜਖ਼ ਭਾਹਾਂ (ਰਾਏ, ਪੰਨਾ 175)

ਕ. ਰਿਖੀ ਕਦੇ ਸੀ ਬੋਲ ਉਚਰਿਆ
ਜਿਉਂ ਵਿਖ ਪੀਵੇ ਆਣ ਸਵੇਰਾ (ਮਹਿਬੂਬ, ਪੰਨਾ 119)

ਪਹਿਲੀ ਉਦਾਹਰਣ ਵਿੱਚ ਗੁਰੂ ਜੀ ਦੀ ਸ਼ਾਨ ਨੂੰ ਕਿਸੇ ਬਲਵਾਨ ਦੇ ਯੁੱਧ ਵਿੱਚ ਪੈਰ ਧਰਨ ਵਾਂਗ ਮੰਨਿਆਂ ਗਿਆ ਹੈ। ਇਹ ਉਪਮਾ ਅਲੰਕਾਰ ਨਹੀਂ ਹੈ ਕਿਉਂਕਿ ਉਪਮਾ ਅਲੰਕਾਰ ਵਿੱਚ ਉਪਮੇਅ, ਉਪਮਾਨ, ਸਾਂਝਾ ਧਰਮ ਅਤੇ ਵਾਚਕ ਸ਼ਬਦ ਇੱਕੋ ਤੁਕ ਵਿੱਚ ਆਉਂਦੇ ਹਨ ਜਦੋਂ ਕਿ ਇਸ ਵਿੱਚ ਦੋ ਤੁਕਾਂ ਹਨ। ਇਹ ਦ੍ਰਿਸ਼ਟਾਂਤ ਅਲੰਕਾਰ ਵੀ ਨਹੀਂ ਹੈ ਕਿਉਂਕਿ ਦ੍ਰਿਸ਼ਟਾਂਤ ਅਲੰਕਾਰ ਲਈ ਬਿੰਬ ਅਤੇ ਪ੍ਰਤੀਬਿੰਬ ਹੋਣਾ ਜਰੂਰੀ ਹੈ। ਪਹਿਲੀ ਤੁਕ ਵਿੱਚ ਕਿਸੇ ਬਲਵਾਨ ਵਿਅਕਤੀ ਦੇ ਯੁੱਧ ਭੂਮੀ ਵਿੱਚ ਚੜ੍ਹਾਈ ਕਰਨ ਦਾ ਬਿੰਬ ਸਿਰਜਿਆ ਗਿਆ ਹੈ। ਦੂਜੀ ਤੁਕ ਇਸ ਦਾ ਉਚਿੱਤ ਪ੍ਰਤੀਬਿੰਬ ਨਹੀਂ ਹੈ ਕਿਉਂਕਿ ਇਸ ਤੁਕ ਵਿੱਚ ਗੁਰੂ ਜੀ ਦੀ ਹਰਕਤ (ਜਿਵੇਂ ਚੜ੍ਹਾਈ ਆਦਿ) ਪੇਸ਼ ਨਹੀਂ ਕੀਤੀ ਗਈ। ਇਸ ਉਦਾਹਰਣ ਵਿੱਚ ਗੁਰੂ ਜੀ ਦੀ ਸ਼ਾਨ ਵਿੱਚ ਬਲਵਾਨ ਦੀ ਸ਼ਾਨ ਦੀ ਅਟਕਲ ਕੀਤੀ ਗਈ ਹੈ, ਇਸ ਲਈ ਇਹ ਉੱਤਪ੍ਰੇਖਿਆ ਅਲੰਕਾਰ ਹੈ

ਦੂਜੀ ਉਦਾਹਰਣ ਵਿੱਚ ਨਜ਼ਾਬਤ ਦਾ ਝੌਂ ਜਾਣਾ ਸੁਸਰੀ ਦੇ ਸੌਂ ਜਾਣ ਵਾਂਗ ਲੱਗਦਾ ਹੈ। ਲੇਖਕ ਨੇ 'ਜਾਪਣ ਲੱਗਾ' ਸ਼ਬਦਾਂ ਦਾ ਇਸਤੇਮਾਲ ਕਰਕੇ ਸਪਸ਼ਟ ਕੀਤਾ ਹੈ ਕਿ ਇਹ ਨਜ਼ਰ ਦਾ ਭੁਲੇਖਾ ਹੈ, ਅਸਲੀਅਤ ਨਹੀਂ ਹੈ। ਇਸ ਲਈ ਇਹ ਵੀ ਉਤਪ੍ਰੇਖਿਆ ਅਲੰਕਾਰ ਬਣਦਾ ਹੈ। ਬਾਕੀ ਉਦਾਹਰਣ ਵੀ ਇਸਦੇ ਨਾਲ ਮਿਲਦੇ ਜੁਲਦੇ ਹਨ।

ਉੱਦਾਤ ਅਲੰਕਾਰ :

ਜਿੱਥੇ ਕਿਸੇ ਵਸਤੂ ਦੀ ਖੁਸ਼ਹਾਲੀ ਦਾ ਵਰਣਨ ਹੁੰਦਾ ਹੈ, ਉੱਥੇ ਉੱਦਾਤ ਅਲੰਕਾਰ ਹੁੰਦਾ ਹੈ।[9] ਪਿਆਰੇ ਨਾਲ ਸਬੰਧ ਰੱਖਣ ਵਾਲੀ ਵਸਤੂ ਦੀ ਮਹਿਮਾ ਕਹਿਕੇ ਪਿਆਰੇ ਦਾ ਆਦਰ ਕਰਨਾ ਵੀ ਉੱਦਾਤ ਅਲੰਕਾਰ ਹੁੰਦਾ ਹੈ।[10]

ੳ. ਪਟਨਾ ਮਹਾਂ ਅਸ਼ੋਕ ਦਾ, ਸੋਹਣਾ ਬਾਂਕਾ ਸ਼ਹਿਰ
ਜਿਸ ਵਿੱਚ ਬੁੱਧ ਨੇ ਸੀ ਕਦੇ, ਕੂਲੇ ਪਾਏ ਪੈਰ (ਅਜ਼ਾਦ,ਪੰਨਾ 20)

ਅ. ਪਹੁੰਚੇ ਜਦੋਂ ਅਨੰਦਪੁਰ, ਨਗਰ ਗਿਆ ਹਰਸ਼ਾ
ਵਾਯੂ-ਮੰਡਲ ਮਹਿਕਿਆ, ਪੌਣ ਗਈ ਨਸ਼ਿਆ (ਤੁਲਸੀ, ਪੰਨਾ 41)

ੲ. ਧੰਨ-ਧੰਨ ਮਾਤ ਸੁਲੱਖਣੀ, ਧੰਨ-ਧੰਨ ਉਸਦੀ ਕੁੱਖ
ਹਰੀ ਕ੍ਰਿਸ਼ਨ ਜਿਨ ਜਨਮਿਆ, ਮੇਟੇ ਜਿਸ ਨੇ ਦੁੱਖ (ਸਰਨਾ,ਪੰਨਾ 66)

ਸ. ਸ਼ਹਿਰ ਅਨੰਦਪੁਰ ਸੁੰਦਰ ਬਣਿਆ
ਨੂਰ ਦਾ ਜੀਕਣ ਅੰਬਰ ਤਣਿਆ (ਹਸਰਤ, ਪੰਨਾ 62)

ਹ. ਪੈਰ ਗੁਰਾਂ ਨੇ ਰੱਖਿਆ, ਜਿਸ ਪਾਉਂਟੇ ਅਸਥਾਨ
ਪਾਉਂਟਾ ਸਾਹਿਬ ਧੁੰਮਿਆ, ਸਾਰੇ ਜੱਗ ਜਹਾਨ (ਰਾਏ, ਪੰਨਾ69)

ਕ. ਗੁਰਾਂ ਹੱਥ ਨਾਹਣ ਸਿਰ ਧਰਿਆ
ਚੀਰ-ਚੀਰ ਨੇਰ੍ਹੇ ਦੇ ਭੰਵਰ (ਮਹਿਬੂਬ, ਪੰਨਾ121)

ਪਟਨੇ ਦੀ ਮਹਾਨਤਾ ਮਹਾਤਮਾ ਬੁੱਧ ਕਰਕੇ ਹੈ। ਅਨੰਦਪੁਰ ਗੁਰੂ ਜੀ ਦੇ ਪ੍ਰਵੇਸ਼ ਕਰਨ ਨਾਲ ਖੁਸ਼ ਹੈ। ਮਾਤਾ ਸੁਲੱਖਣੀ ਦੀ ਕੁੱਖ ਅੱਠਵੇਂ ਗੁਰੂ ਜੀ ਨੂੰ ਜਨਮ ਦੇਣ ਕਰਕੇ ਸਲਾਹੁਣ ਯੋਗ ਹੈ। ਪਾਉਂਟਾ ਅਤੇ ਨਾਹਣ ਗੁਰੂ ਗੋਬਿੰਦ ਸਿੰਘ ਦੀ ਆਮਦ ਨਾਲ ਮਹਾਨ ਬਣ ਗਏ। ਇਹਨਾਂ ਕਾਰਨਾ ਕਰਕੇ ਉਪਰੋਕਤ ਉਦਾਹਰਣਾਂ ਵਿੱਚ ਉਦਾਤ ਅਲੰਕਾਰ ਹੈ।

ਉਪਮਾ ਅਲੰਕਾਰ :

ਜਿੱਥੇ ਉਪਮੇਅ ਅਤੇ ਉਪਮਾਨ ਦਾ ਸਾਂਝਾ ਗੁਣ ਲੱਭ ਕੇ ਵਾਚਕ ਸ਼ਬਦ ਦੀ ਸਹਾਇਤਾ ਨਾਲ ਦੋਹਾਂ ਵਿੱਚ ਸਮਾਨਤਾ ਦਰਸਾਈ ਜਾਵੇ, ਉੱਥੇ ਉਪਮਾ ਅਲੰਕਾਰ ਹੁੰਦਾ ਹੈ। ਉਪਮਾ ਅਲੰਕਾਰ ਵਿੱਚ ਚਾਰ ਤੱਤ ਹੁੰਦੇ ਹਨ - ਉਪਮੇਅ (ਜਿਸਦੀ ਤੁਲਣਾ ਕਰਨੀ ਹੈ), ਉਪਮਾਨ (ਜਿਸ ਨਾਲ ਤੁਲਣਾ ਕਰਨੀ ਹੈ), ਸਾਂਝਾ ਧਰਮ (ਸਾਂਝਾ ਗੁਣ) ਅਤੇ ਵਾਚਕ ਸ਼ਬਦ (ਜਿਵੇਂ, ਵਰਗਾ, ਵਾਂਗੂੰ ਆਦਿ)। ਜਦੋਂ ਵਾਕ ਵਿੱਚ ਚਾਰੇ ਤੱਤ ਮੌਜੂਦ ਹੋਣ ਤਾਂ ਪੂਰਨ ਉਪਮਾ ਹੁੰਦੀ ਹੈ ਜਿਵੇਂ :

ਮੁੱਖੜਾ ਚੰਨ ਵਰਗਾ ਸੋਹਣਾ ਹੈ।

ਇਸ ਵਾਕ ਵਿੱਚ ਮੁੱਖੜਾ ਉਪਮੇਅ ਹੈ, ਚੰਨ ਉਪਮਾਨ ਹੈ, ਵਰਗਾ ਵਾਚਕ ਸ਼ਬਦ ਹੈ ਅਤੇ ਸੋਹਣਾ ਸਾਂਝਾ ਧਰਮ ਹੈ, ਇਸ ਲਈ ਇਹ ਪੂਰਨ ਉਪਮਾ ਹੈ।

ਜਿੱਥੇ ਇਹਨਾਂ ਚਾਰ ਤੱਤਾਂ ਵਿੱਚੋਂ ਕੋਈ ਤੱਤ ਗਾਇਬ ਹੋਵੇ, ਉੱਥੇ ਲੁਪਤ ਉਪਮਾ ਹੁੰਦੀ ਹੈ। ਜਿਹੜਾ ਤੱਤ ਗਾਇਬ ਹੋਵੇ, ਉਸੇ ਦੇ ਨਾਂ ਉੱਤੇ ਉਪਮਾ ਦੇ ਉੱਪਭੇਦ ਦਾ ਨਾਂ ਰੱਖਿਆ ਜਾਂਦਾ ਹੈ ਜਿਵੇਂ ਉਪਮੇਅ ਲੁਪਤ ਉਪਮਾ, ਉਪਮਾਨ ਲੁਪਤ ਉਪਮਾ, ਧਰਮ ਲੁਪਤ ਉਪਮਾ ਅਤੇ ਵਾਚਕ ਲੁਪਤ ਉਪਮਾ।

ਮੁਖੜਾ ਚੰਨ ਵਰਗਾ ਹੈ।

ਇਸ ਵਾਕ ਵਿੱਚ ਸਾਂਝਾ ਧਰਮ (ਸੋਹਣਾ) ਗਾਇਬ ਹੈ, ਇਸ ਲਈ ਇਹ ਧਰਮ ਲੁਪਤ ਉਪਮਾ ਅਲੰਕਾਰ ਹੈ।

ਜੇ ਉਪਮੇਅ ਵਿੱਚ ਉਪਮਾਨ ਤੋਂ ਵਧੇਰੇ ਗੁਣ ਜਾਂ ਔਗੁਣ ਹੋਣ ਤਾਂ 'ਅਧਿੱਕ ਉਪਮਾ' ਹੁੰਦੀ ਹੈ। ਜੇ ਉਪਮੇਅ ਵਿੱਚ ਉਪਮਾਨ ਤੋਂ ਘੱਟ ਗੁਣ ਜਾਂ ਔਗੁਣ ਹੋਣ ਤਾਂ 'ਨਿਊਨ ਉਪਮਾ' ਹੁੰਦੀ ਹੈ।

ਉਹ ਬਿਜਲੀ ਤੋਂ ਵੱਧ ਲਿਸ਼ਕਦੀ, ਤਲਵਾਰਾਂ ਚੋਂ ਤਲਵਾਰ।

ਇਸ ਵਾਕ ਵਿੱਚ ਤਲਵਾਰ ਦੀ ਲਿਸ਼ਕ ਬਿਜਲੀ ਤੋਂ ਵਧੇਰੇ ਹੋਣ ਕਾਰਨ 'ਅਧਿੱਕ ਉਪਮਾ ਅਲੰਕਾਰ' ਹੈ।

ਜੇ ਇੱਕ ਉਪਮੇਅ ਦੇ ਦੋ ਜਾਂ ਦੋ ਤੋਂ ਵਧੇਰੇ ਉਪਮਾਨ ਹੋਣ ਤਾਂ 'ਮਾਲ ਉਪਮਾ' ਅਲੰਕਾਰ ਹੁੰਦਾ ਹੈ।

ੳ. ਸਾਹਮਣੇ ਹੋ ਕੇ ਮੌਤ ਦੇ, ਯੋਧੇ ਲਲਕਾਰੇ
ਖਿੱਦੋ ਵਾਂਗੂੰ ਧੜਾਂ ਤੋਂ, ਸਿਰ ਤੇਗ ਉਤਾਰੇ
(ਪੂਰਨ ਉਪਮਾ) (ਅਜ਼ਾਦ, ਪੰਨਾ 188)

ਅ. ਸਤਿਗੁਰ ਦੇ ਕੇ ਥਾਪੀ, ਰਣ ਵਿੱਚ ਤੋਰਿਆ
ਮਾਹੀ ਸਿੱਟੇ ਵਾਂਗੂੰ, ਦੁਸ਼ਮਣ ਭੋਰਿਆ (ਤੁਲਸੀ, ਪੰਨਾ 99)

ੲ. ਰਾਜੇ ਨਿਕਲੇ ਖੋਖਲੇ, ਜਿੱਦਾਂ ਧੌਲੀ ਢਾਂਗ
ਰੁੜ੍ਹੇ ਰੁਹਾੜੇ ਮੌਤ ਦੇ, ਜਿੱਦਾਂ ਖੂਨੀ ਕਾਂਗ (ਤੁਲਸੀ,ਪੰਨਾ 107)

ਪਹਿਲੇ ਭਾਗ ਵਿੱਚ ਮਾਹੀ 'ਉਪਮੇਅ' ਹੈ, ਸਿੱਟਾ 'ਉਪਮਾਨ' ਹੈ, 'ਭੋਰਨਾ' ਸਾਂਝਾ ਧਰਮ ਅਤੇ 'ਵਾਂਗੂੰ' ਵਾਚਕ ਸ਼ਬਦ ਹੈ। ਦੂਜੇ ਭਾਗ ਵਿੱਚ 'ਰਾਜੇ' ਉਪਮੇਅ 'ਧੌਲੀ ਢਾਂਗ' ਉਪਮਾਨ 'ਖੋਖਲੇ' ਸਾਂਝਾ ਧਰਮ ਅਤੇ 'ਜਿੱਦਾਂ' ਵਾਚਕ ਸ਼ਬਦ ਹੈ। ਇਹਨਾਂ ਤੁਕਾਂ ਵਿੱਚ ਉਪਮਾ ਦੇ ਚਾਰੇ ਅੰਗ ਮੌਜੂਦ ਹੋਣ ਕਾਰਣ ਇਹ 'ਪੂਰਨ ਉਪਮਾ' ਹੈ।

ੳ. ਡੱਲ੍ਹਾ ਹੋ ਗਿਆ ਪੀਲੀਆਂ ਭੂਕਾਂ
ਮੂੰਹ ਤੋਂ ਨਿਕਲ ਕੂਕਾਂ ਗਈਆਂ ਸੂ ਕੂਕਾਂ (ਤੁਲਸੀ, ਪੰਨਾ 277)

ਅ.		ਡੱਲ੍ਹੇ ਜਿਸ ਦਮ ਹੁਕਮ ਸੁਣਾਏ

ਸਿੱਖ ਸੀ ਗੋਲੀ ਵਾਂਗੂੰ ਆਏ		(ਤੁਲਸੀ, ਪੰਨਾ 276)

ਪਹਿਲੇ ਪੈਰ੍ਹੇ ਵਿੱਚ 'ਡੱਲ੍ਹਾ' ਉਪਮੇਅ, 'ਭੂਕਾਂ' ਉਪਮਾਨ ਅਤੇ 'ਪੀਲੀਆਂ' ਸਾਂਝਾ ਧਰਮ ਹੈ। ਵਾਚਕ ਸ਼ਬਦ ਅਲੋਪ ਹੈ, ਇਸ ਲਈ ਇਹ ਵਾਚ-ਲੁਪਤ ਉਪਮਾ ਅਲੰਕਾਰ ਹੈ। ਦੂਜੇ ਪੈਰ੍ਹੇ ਵਿੱਚ 'ਸਿੱਖ' ਉਪਮੇਅ 'ਗੋਲ਼ੀ' ਉਪਮਾਨ ਅਤੇ 'ਵਾਂਗੂੰ' ਵਾਚਕ ਸ਼ਬਦ ਹੈ ।'ਸ਼ੂਕਦੇ' ਜਾਂ 'ਦੌੜਦੇ' ਸ਼ਬਦ ਸਾਂਝਾ ਧਰਮ ਬਣਦਾ ਹੈ। ਇਕੱਲਾ 'ਆਏ' ਸ਼ਬਦ ਨਾਲ ਗੋਲ਼ੀ ਦੀ ਤੇਜੀ ਪ੍ਰਗਟ ਨਹੀਂ ਹੋਈ। ਸਾਂਝਾ ਧਰਮ ਲੁਪਤ ਹੋਣ ਕਾਰਨ ਇਹ 'ਧਰਮ-ਲੁਪਤ ਉਪਮਾ' ਅਲੰਕਾਰ ਹੈ।

'ਅਧਿੱਕ ਧਰਮ ਉਪਮਾ' ਵਿੱਚ ਉਪਮੇਅ ਅਤੇ ਉਪਮਾਨ ਵਿੱਚਕਾਰ ਇੱਕ ਤੋਂ ਵਧੇਰੇ ਸਾਂਝੇ ਗੁਣ ਹੁੰਦੇ ਹਨ।

ਪਤਲਾ ਤਿੱਖਾ ਵਿੰਨਵਾਂ ਜਿਉਂ ਤੀਰ ਨੁਕੀਲਾ

ਕ੍ਰੋਧੀ ਵਾਂਗੂੰ ਬਾਜ ਦੇ ਸ਼ੀਹ ਵਾਂਗ ਗੁਸੀਲਾ	(ਸਰਨਾ, ਪੰਨਾ 214)

ਪਹਿਲੀ ਤੁਕ ਵਿੱਚ ਤੀਰ ਦੇ ਚਾਰ ਗੁਣ ਦੱਸੇ ਗਏ ਹਨ। ਤੀਰ ਪਤਲਾ, ਤਿੱਖਾ, ਵਿੰਨਵਾਂ ਅਤੇ ਨੁਕੀਲਾ ਹੁੰਦਾ ਹੈ। ਗਾਜੀ ਖਾਂ ਵਿੱਚ ਵੀ ਅਜਿਹੇ ਗੁਣ ਹਨ, ਇਸ ਲਈ ਅਧਿੱਕ ਧਰਮ ਉਪਮਾ ਬਣਦੀ ਹੈ।

ਨੈਣ ਉੱਠ ਪਏ ਸੂਰਮਿਆਂ 'ਤੇ, ਜੋਸ਼ ਉਬਾਲਾ ਆਇਆ

ਅਰਜਣ ਤੋਂ ਬਲਵਾਨ ਸੈ ਗੁਣਾ, ਵੀਰ ਉੱਠ ਗੁਰਾਇਆ

(ਅਜ਼ਾਦ, ਪੰਨਾ 139)

ਇਸ ਪੈਰ੍ਹੇ ਵਿੱਚ ਅਰਜਣ ਤੋਂ ਸੌ ਗੁਣਾ ਬਲਵਾਨ ਹੋ ਕਾਰਨ 'ਅਧਿੱਕ ਉਪਮਾ' ਬਣਦੀ ਹੈ।

ੳ.		ਆਲੂ ਵਾਂਗ ਉਬਾਲਿਆ, ਦੇਗ 'ਚ ਭਾਈ ਦਿਆਲ	(ਰਾਏ, ਪੰਨਾ 47)

ਅ.		ਲੋਥਾਂ ਬਿਨਾਂ ਸੁਆਸ ਦੇ, ਜਿਉਂ ਗੰਢਿਆਂ ਭੂਕਾਂ	(ਰਾਏ, ਪੰਨਾ 175)

ਅਜਗਰ ਜਿਵੇਂ ਸਰਕਦਾ ਆਵੇ, ਇਉਂ ਸੰਗਤ ਮਨ ਕੰਬੇ

(ਮਹਿਬੂਬ, ਪੰਨਾ198)

ਉਪਰੋਕਤ ਉਦਾਹਰਣਾਂ ਵਿੱਚ ਪੂਰਨ ਉਪਮਾ ਹੈ।

ਉਲਾਸ ਅਲੰਕਾਰ :

ਉਲਾਸ ਦਾ ਅਰਥ ਪ੍ਰਕਾਸ਼ ਹੁੰਦਾ ਹੈ। ਇੱਕ ਦੇ ਗੁਣ ਜਾਂ ਦੋਸ਼ ਤੋਂ ਦੂਜੇ ਵਿੱਚ ਗੁਣ ਜਾਂ ਦੋਸ਼ ਦਾ ਹੋਣਾ ਉਲਾਸ ਅਲੰਕਾਰ ਹੁੰਦਾ ਹੈ। ਇਹ ਚਾਰ ਪ੍ਰਕਾਰ ਦਾ ਹੁੰਦਾ ਹੈ।

ੳ.		ਗੁਣ ਤੋਂ ਗੁਣ ਹੋਣਾ

ਅ.		ਗੁਣ ਤੋਂ ਦੋਸ਼ ਹੋਣਾ

ਏ. ਦੋਸ਼ ਤੋਂ ਦੋਸ਼ ਹੋਣਾ

ਸ. ਦੋਸ਼ ਤੋਂ ਗੁਣ ਹੋਣਾ

ਪੰਜਵੇਂ ਗੁਰੂ ਅਰਜਣ ਦੇਵ ਦੀ ਸ਼ਹਾਦਤ ਸਮੇਂ ਸਾਈਂ ਮੀਆਂ ਮੀਰ ਸਰਾਪ ਦੇ ਕੇ ਹਕੂਮਤ ਨੂੰ ਤਬਾਹ ਕਰਨਾ ਚਾਹੁੰਦਾ ਸੀ। ਹਕੂਮਤ ਜ਼ਬਰ-ਜੁਲਮ ਦੀ ਹਨੇਰੀ ਝੁਲਾ ਰਹੀ ਸੀ ਅਤੇ ਸਾਈਂ ਮੀਆਂ ਮੀਰ ਕਰਾਮਾਤ ਦੀ ਹਨੇਰੀ ਝੁਲਾ ਕੇ ਉਸਨੂੰ ਤਬਾਹ ਕਰਨਾ ਚਾਹੁੰਦਾ ਸੀ।

ਮੈਥੋਂ ਜਰਿਆ ਜਾਏ ਨਾ, ਤੁਹਾਡਾ ਇਹ ਸੰਤਾਪ
ਗਰਕ ਕਰਾਂ ਇਹ ਸਲਤਨਤ, ਦੇ ਕੇ ਹੁਣੇ ਸਰਾਪ (ਸਰਨਾ, ਪੰਨਾ 24)

ਗੁਰੂ ਜੀ ਸਾਈਂ ਮੀਆਂ ਮੀਰ ਨੂੰ ਅਜਿਹਾ ਕਰਨ ਤੋਂ ਵਰਜਦੇ ਹਨ। ਉਹ ਰੱਬ ਦੇ ਭਾਣੇ ਅੰਦਰ ਖੁਸ਼ ਹਨ। ਹਕੂਮਤ ਨਾਲ ਉਹਨਾਂ ਨੂੰ ਕੋਈ ਗਿਲਾ ਸ਼ਿਕਵਾ ਨਹੀਂ।

ਸਭ ਕੁਝ ਚੰਗਾ ਹੋਂਵਦਾ, ਕਰਦਾ ਜੋ ਖੁਦਾ
ਸ਼ਾਕਰ ਭਾਣੇ ਵਿੱਚ ਹਾਂ, ਰਾਜੀ ਵਿੱਚ ਖੁਦਾ (ਸਰਨਾ, ਪੰਨਾ 24)

ਪਹਿਲੇ ਉਦਾਹਰਣ ਵਿੱਚ ਦੋਸ਼ ਤੋਂ ਦੋਸ਼ ਹੈ। ਦੂਜੇ ਉਦਾਹਰਣ ਵਿੱਚ ਦੋਸ਼ ਤੋਂ ਗੁਣ ਹੈ। ਇਸ ਲਈ ਇਹ ਉਲਾਸ ਅਲੰਕਾਰ ਬਣਦੇ ਹਨ।

ਉਲੇਖ ਅਲੰਕਾਰ :

ਉਲੇਖ ਦਾ ਅਰਥ 'ਬਿਆਨ ਕਰਨਾ' ਹੁੰਦਾ ਹੈ। ਕਿਸੇ ਇੱਕ ਵਸਤੂ ਨੂੰ ਅਨੇਕਾਂ ਆਦਮੀ ਜਦੋਂ ਭਿੰਨ-ਭਿੰਨ ਰੂਪਾਂ ਵਿੱਚ ਬਿਆਨ ਕਰਦੇ ਹਨ ਤਾਂ ਉਲੇਖ ਅਲੰਕਾਰ ਹੁੰਦਾ ਹੈ। ਇੱਕ ਵਸਤੂ ਨੂੰ ਜਦੋਂ ਇੱਕ ਹੀ ਆਦਮੀ ਭਿੰਨ-ਭਿੰਨ ਰੁਪਾਂ ਵਿੱਚ ਬਿਆਨ ਕਰੇ ਤਾਂ ਵੀ ਉਲੇਖ ਅਲੰਕਾਰ ਹੁੰਦਾ ਹੈ।

ੳ. ਹੈ ਅਰੂਪ ਅਨੂਪ ਅਨਾਮ ਅਲੇਖ ਜੋ
ਹੈ ਅਨੀਲ ਅਨਾਦ ਅਭੂਤ ਅਭੇਖ ਜੋ
ਜਲ ਥਲ ਮਹੀਅਲ ਜਿਸਦਾ ਸਗਲ ਪਸਾਰ ਹੈ
ਆਦਿ ਜੁਗਾਦੀ ਜਿਹੜਾ ਏਕੰਕਾਰ ਹੈ (ਸਰਨਾ, ਪੰਨਾ 175)

ਅ. ਸ਼ਹਿਨਸ਼ਾਹ ਰਹਿਬਰ, ਗੁਰੂ ਗੋਬਿੰਦ ਸਿੰਘ
ਵਾਹਿਦ ਜ਼ਲਵਾਗਰ, ਗੁਰੂ ਗੋਬਿੰਦ ਸਿੰਘ
ਮਰਦ ਏ ਕਾਮਲ, ਗੁਰੂ ਗੋਬਿੰਦ ਸਿੰਘ
ਨੂਰ ਕੋਹਿਤੂਰ, ਗੁਰੂ ਗੋਬਿੰਦ ਸਿੰਘ (ਰਾਏ, ਪੰਨਾ 291)

ਅਸੰਗਤੀ ਅਲੰਕਾਰ :

ਅਸੰਗਤੀ ਦਾ ਅਰਥ ਅਣਮੇਲ ਹੁੰਦਾ ਹੈ। ਜਦੋਂ ਕਾਰਨ ਅਤੇ ਕਾਰਜ ਦਾ ਭਿੰਨ-ਭਿੰਨ ਸਥਾਨਾਂ 'ਤੇ ਵਰਣਨ ਕੀਤਾ ਜਾਏ ਤਾਂ ਅਸੰਗਤੀ ਅਲੰਕਾਰ ਹੁੰਦਾ ਹੈ। ਕੋਈ ਵਸਤੂ ਜਿਹੜੇ ਥਾਂ ਹੋਣੀ ਚਾਹੀਦੀ

ਹੈ, ਉੱਥੇ ਨਾ ਰੱਖੀ ਜਾਏ ਸਗੋਂ ਅਯੋਗ ਥਾਂ ਉੱਤੇ ਰੱਖੀ ਜਾਏ ਤਾਂ ਅਜਿਹੀ ਸਥਿੱਤੀ ਵੀ ਅਸੰਗਤੀ ਅਲੰਕਾਰ ਹੁੰਦਾ ਹੈ। ਜੇ ਕੰਮ ਕਿਸੇ ਹੋਰ ਪ੍ਰਯੋਜਨ ਲਈ ਸ਼ੁਰੂ ਕਰੀਏ, ਪਰ ਉਸਦਾ ਫਲ ਉਸਤੋਂ ਉਲਟ ਮਿਲੇ ਤਾਂ ਅਸੰਗਤੀ ਅਲੰਕਾਰ ਹੁੰਦਾ ਹੈ।[11]

ਜਿਸ ਥਾਂ ਉੱਤੇ ਕਾਰਨ ਹੁੰਦਾ ਹੈ, ਉਸ ਥਾਂ ਉੱਤੇ ਹੀ ਕਾਰਜ ਦੀ ਉਤਪੱਤੀ ਵੇਖੀ ਜਾਂਦੀ ਹੈ, ਜਿਵੇਂ ਧੂਆਂ ਉੱਥੇ ਹੁੰਦਾ ਹੈ ਜਿੱਥੇ ਅੱਗ ਮੌਜੂਦ ਹੋਵੇ। ਧੂਆਂ ਕਾਰਜ ਹੈ ਅਤੇ ਅੱਗ ਉਸਦਾ ਕਾਰਨ ਹੈ। ਜੇ ਕਾਰਨ ਅਤੇ ਕਾਰਜ ਨੇੜੇ-ਨੇੜੇ ਹੁੰਦਿਆਂ ਹੋਇਆਂ ਵੀ ਦੂਰ-ਦੂਰ ਦਰਸਾਏ ਜਾਣ ਤਾਂ ਅਸੰਗਤ ਅਲੰਕਾਰ ਬਣ ਜਾਂਦਾ ਹੈ।[12]

ੳ. ਕੀੜੀਆਂ ਕਰਾੜਾਂ ਤਾਈਂ ਥਾਪ ਦੇਊ ਬਾਦਸ਼ਾਹੀਆਂ
ਬਾਦਸ਼ਾਹਾਂ ਨਾਲ ਘਾਹੀ ਆਪਣੇ ਬਿਠਾਲੇਗਾ (ਤੁਲਸੀ, ਪੰਨਾ 29)

ਅ. ਲੁੱਟਦੇ ਹਾਕਮ ਸ਼ਰ੍ਹੇ-ਬਜਾਰ ਅਸਮਤ ਲੁੱਟਦੇ
ਵੇਸਵਾਵਾਂ ਨਾਲ ਭਰਿਆ ਹਰ ਗਲੀ ਬਜਾਰ ਹੈ (ਤੁਲਸੀ, ਪੰਨਾ 65)

ਪਹਿਲੇ ਉਦਾਹਰਣ ਵਿੱਚ ਬਾਦਸ਼ਾਹ ਅਤੇ ਘਾਹ ਖੁਰਚਣ ਵਾਲੇ ਦਾ ਇੱਕ ਥਾਂ ਬਹਿਣਾ ਅਸੰਗਤੀ ਅਲੰਕਾਰ ਸਿੱਧ ਕਰਦਾ ਹੈ। ਦੂਜੇ ਉਦਾਹਰਣ ਵਿੱਚ ਰਾਜੇ ਦਾ ਕੰਮ ਜਨਤਾ ਦੀ ਇੱਜ਼ਤ ਬਚਾਉਣਾ ਹੁੰਦਾ ਹੈ, ਪਰ ਰਾਜੇ ਇੱਜ਼ਤਾਂ ਲੁੱਟ ਰਹੇ ਹਨ, ਇਸ ਲਈ ਅਸੰਗਤੀ ਅਲੰਕਾਰ ਬਣਦਾ ਹੈ।

ਅਸੰਭਵ ਅਲੰਕਾਰ :

ਅਸੰਭਵ ਦਾ ਅਰਥ 'ਨਾ-ਮੁਮਕਿਨ' ਹੁੰਦਾ ਹੈ। ਨਾ ਹੋ ਸਕਣ ਵਾਲੇ ਕੰਮ ਦਾ ਹੋ ਜਾਣਾ ਅਸੰਭਵ ਅਲੰਕਾਰ ਹੁੰਦਾ ਹੈ।[13]

ੳ. ਗੱਲ ਸੁਣਕੇ ਆਪਣੇ ਪਿਤਾ ਦੀ,
ਇੰਜ ਲੱਗੀਆਂ ਕਹਿਣ ਤਜੱਲੀਆਂ
ਤੇਰਾ ਹੁਕਮ ਬਜਾ ਕੇ ਲਾਲਣਾ,
ਰੂਹਾਂ ਆਪਣੇ ਵਤਨ ਨੂੰ ਚੱਲੀਆਂ (ਤੁਲਸੀ, ਪੰਨਾ 51)

ਅ. ਧਰਮ ਧੁਰਿੰਦਰ ਤਰੁੱਠਿਆ, ਛਿੜਿਆ ਰਾਗ ਹਿੰਡੋਲ
ਖੂਹਾ ਆਇਆ ਚੱਲ ਕੇ, ਆਪ ਪਿਆਸੇ ਕੋਲ (ਤੁਲਸੀ, ਪੰਨਾ 44)

ਪਹਿਲੇ ਭਾਗ ਵਿੱਚ ਗੁਰੂ ਤੇਗ ਬਹਾਦਰ ਦੇ ਸ਼ਹੀਦ ਹੋਏ ਸੀਸ ਦੀਆਂ ਤਜੱਲੀਆਂ ਦਾ ਬੋਲਣਾ ਅਸੰਭਵ ਅਲੰਕਾਰ ਸਿੱਧ ਕਰਦਾ ਹੈ। ਦੂਜੇ ਭਾਗ ਵਿੱਚ ਖੂਹ ਦੇ ਚੱਲਕੇ ਪਿਆਸੇ ਕੋਲ ਜਾਣ ਦੀ ਕ੍ਰਿਆ ਅਸੰਭਵ ਅਲੰਕਾਰ ਸਿੱਧ ਕਰਦੀ ਹੈ।

ਅਤਿਕਥਨੀ ਅਲੰਕਾਰ :

'ਅਤਿ' ਦਾ ਅਰਥ 'ਬਹੁਤ' ਅਤੇ 'ਕਥਨੀ' ਦਾ ਅਰਥ 'ਬਿਆਨ' ਹੁੰਦਾ ਹੈ। ਅਤਿਕਥਨੀ ਨੂੰ 'ਮੁਬਾਲਗਾ' ਵੀ ਆਖਿਆ ਜਾਂਦਾ ਹੈ। ਇਸ ਅਲੰਕਾਰ ਵਿੱਚ ਗੱਲ ਵਧਾ-ਚੜ੍ਹਾਅ ਕੇ ਕੀਤੀ ਜਾਂਦੀ ਹੈ। ਗੱਲ ਅਸਲ ਘੱਟ ਅਤੇ ਨਕਲੀ ਜਿਆਦਾ ਲੱਗਦੀ ਹੈ।

ੳ. ਬਾਂਕੇ ਵੀਰ ਮਝੈਲ ,ਦਇਆ ਸਿੰਘ ਜਹੇ
ਹਾਥੀ ਚੁੱਕਣ ਸਾਹਿਲ, ਸਖਤ ਫੌਲਾਦ ਤੋਂ (ਅਜ਼ਾਦ, ਪੰਨਾ 134)

ਅ. ਅਹੁ ਸੂਤੀ ਤਲਵਾਰ, ਯੋਧਾ ਨੱਚਿਆ
ਹੁੰਦੇ ਸੈ-ਸੈ ਪਾਰ, ਇੱਕ-ਇੱਕ ਵਾਰ ਤੋਂ (ਅਜ਼ਾਦ, ਪੰਨਾ 135)

ੲ. ਪਹਿਲੀ ਲਾਂ ਵਿੱਚ ਰਹਿ ਗਿਆ, ਨਾ ਕੋਈ ਸੁੱਕਾ
ਇੱਕ-ਇੱਕ ਤੀਰ ਕਮਾਨ 'ਚੋਂ, ਦਸ-ਦਸ ਨੂੰ ਠੁੱਕਾ (ਤੁਲਸੀ, ਪੰਨਾ 189)

ਸ. ਮੈਂ ਕੱਲ੍ਹਾ ਸਾਬਤ ਭੁੰਨ ਕੇ, ਖਾ ਜਾਵਾਂ ਬੱਕਰਾ
ਮੈਂ ਕੀਤਾ ਸਦਾ ਮੁਖਾਲਫਾਂ, ਦਾ ਡੱਕਰਾ-ਡੱਕਰਾ (ਤੁਲਸੀ, ਪੰਨਾ140)

ਪਹਿਲੇ ਭਾਗ ਵਿੱਚ ਹਾਥੀ ਨੂੰ ਅਸਾਨੀ ਨਾਲ ਚੁੱਕ ਲੈਣਾ, ਦੂਜੇ ਭਾਗ ਵਿੱਚ ਇੱਕ ਵਾਰ ਨਾਲ ਸੌ ਆਦਮੀਆਂ ਦਾ ਮਰਨਾ, ਤੀਜੇ ਭਾਗ ਵਿੱਚ ਇੱਕ ਤੀਰ ਦਾ ਦਸਾਂ ਆਦਮੀਆਂ ਨੂੰ ਵਿੰਨ੍ਹਣਾ ਅਤੇ ਚੌਥੇ ਭਾਗ ਵਿੱਚ ਸਾਬਤ ਬੱਕਰਾ ਇੱਕ ਆਦਮੀ ਨੇ ਖਾਣਾ, ਇਹ ਸਾਰੀਆਂ ਗੱਲਾਂ ਸੰਭਵ ਨਹੀਂ ਹਨ। ਲੇਖਕਾਂ ਨੇ ਬਿਆਨ ਵਧਾ-ਚੜ੍ਹਾਅ ਕੇ ਪੇਸ਼ ਕੀਤੇ ਹਨ। ਇਸ ਲਈ ਇਹ ਅਤਿਕਥਨੀ ਅਲੰਕਾਰ ਹਨ।

ਅਨੁਪ੍ਰਾਸ ਅਲੰਕਾਰ :

ਜਦੋਂ ਕਾਵਿ ਵਿੱਚ ਸ਼ਬਦਾਂ, ਵਰਣਾਂ, ਸ਼ਬਦ-ਅੰਸ਼ਾਂ ਆਦਿ ਦਾ ਦੁਹਰਾਅ ਹੋਵੇ ਤਾਂ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਉਚਾਰਣ ਸਥਾਨ ਦੀ ਸਾਂਝ ਵਾਲੇ ਵਰਣਾ ਦੇ ਇੱਕ ਪੰਗਤੀ ਵਿੱਚ ਆਉਣ ਨਾਲ ਵੀ ਅਨੁਪ੍ਰਾਸ ਅਲੰਕਾਰ ਬਣਦਾ ਹੈ। ਕਈ ਵਾਰੀ ਕਿਸੇ ਸਵਰ ਧੁਨੀ ਦਾ ਦੁਹਰਾਅ ਅਨੁਪ੍ਰਾਸ ਪੈਦਾ ਕਰਦਾ ਹੈ।

ਕਸ਼ਮੀਰੀ ਪੰਡਤ ਨੌਵੇਂ ਗੁਰੂ ਸਾਹਿਬ ਦੇ ਦਰਬਾਰ ਵਿੱਚ ਫਰਿਆਦੀ ਬਣਕੇ ਆਏ। ਉਹਨਾਂ ਦੀ ਦੁੱਖ ਭਰੀ ਵਾਰਤਾ ਅਜ਼ਾਦ ਨੇ ਅਲੰਕ੍ਰਿਤ ਕਰਕੇ ਬਿਆਨ ਕੀਤੀ ਹੈ।

ਗੱਲ ਨਾ ਮੂੰਹੋਂ ਨਿਕਲਦੀ, ਬੱਸ ਇਕ ਰੋਈ ਜਾਣ
ਥਿਥਕ-ਥਿਥਕ ਕੇ ਆਖਦੇ, "ਆਪ ਹੋ ਜਾਣੀ-ਜਾਣ"
ਕੀ ਕਹੀਏ ਕੀ ਬੋਲੀਏ, ਤੇ ਕੀ ਦੱਸੀਏ ਫੋਲ
ਦੁੱਖਾਂ ਤੇ ਦਰਦਾਂ ਬਿਨ੍ਹਾਂ, ਕੀ ਹੈ ਸਾਡੇ ਕੋਲ
ਨਾ ਕੋਈ ਪੱਲੇ ਪੱਤ ਹੈ, ਵੈਰੀ ਹੈ ਪੱਤ-ਪੱਤ

ਪਤਾ ਨਾ ਸਾਨੂੰ ਲੱਗਦਾ, ਕਿੱਧਰ ਹੋਈਏ ਪੱਤ
ਪਤਿਤ ਨੇ ਅੱਧੇ ਹੋ ਗਏ, ਸੁਣਨਾ ਪਤਿਤ-ਪੁਨੀਤ
ਜਾਪੇ ਭਾਵੀ ਨਾਗਣੀ, ਰਹੀ ਸਾਡੇ ਸਿਰ ਬੀਤ
ਸੂਬੇ ਅਗਲੇ ਦਿਨ ਅਜੇ, ਕੀਤਾ ਇੰਜ ਮਖੌਲ,
"ਪੰਡਤੋ ਕਿੱਧਰੇ ਤੁਸਾਂ ਦੇ, ਹੋਣ ਨਾ ਚਿੱਟੇ ਚੌਲ।" (ਅਜ਼ਾਦ, ਪੰਨਾ 30)

ਉੱਪਰ ਵਾਲੀਆਂ ਦਸ ਤੁਕਾਂ ਅਲੱਗ-ਅਲੱਗ ਅਲੰਕਾਰਾਂ ਦੀਆਂ ਖ਼ੂਬਸੂਰਤ ਵਾਹਕ ਹਨ। ਪਹਿਲੀ ਨਜਰੇ ਵੇਖਿਆਂ ਅਨੁਪ੍ਰਾਸਕ ਸੁੰਦਰਤਾ ਦਿਖਾਈ ਦਿੰਦੀ ਹੈ। ਪੈਰ੍ਹੇ ਦੀ ਦੂਜੀ ਤੁਕ ਵਿੱਚ 'ਥ' ਵਰਣ ਦੀ ਚਾਰ ਵਾਰੀ ਵਰਤੋਂ ਹੋਈ ਹੈ ਅਤੇ 'ਜਾਣ' ਸ਼ਬਦ ਦੀ ਦੋ ਵਾਰੀ ਵਰਤੋਂ ਕੀਤੀ ਹੈ। ਇੱਕ ਵਾਰੀ ' ਈ' ਪਿਛੇਤਰ ਨਾਲ ਵਰਤੋਂ ਹੋਈ ਹੈ। ਤੀਜੀ ਤੁਕ ਵਿੱਚ ਚਾਰ ਵਾਰੀ 'ਕ' ਵਰਣ ਦੀ ਵਰਤੋਂ ਹੋਈ ਹੈ ਅਤੇ ਤਿੰਨ ਵਾਰੀ 'ਕੀ' ਸ਼ਬਦ ਦੀ ਵਰਤੋਂ ਹੈ। ਤੀਜੀ ਅਤੇ ਚੌਥੀ ਤੁਕ ਮਿਲਾ ਕੇ 'ਕੀ' ਦੀ ਵਰਤੋਂ ਚਾਰ ਵਾਰ ਕੀਤੀ ਗਈ ਹੈ, ਜੋ ਅਨੁਪ੍ਰਾਸ ਅਲੰਕਾਰ ਦਾ ਸੋਹਣਾ ਨਮੂਨਾ ਬਣਦੀ ਹੈ। ਚੌਥੀ ਤੁਕ ਵਿੱਚ 'ਦੁੱਖ ਅਤੇ ਦਰਦ' ਵਿੱਚ 'ਦ' ਵਰਣ ਦਾ ਦੁਹਰਾਅ ਹੈ। ਪੰਜਵੀਂ ਤੁਕ ਵਿੱਚ ਤਿੰਨ ਵਾਰੀ 'ਪੱਤ' ਅਤੇ ਦੋ ਵਾਰੀ 'ਹੈ' ਸ਼ਬਦ ਦੀ ਵਰਤੋਂ ਹੋਈ ਹੈ। 'ਪ' ਵਰਣ ਦੀ ਚਾਰ ਵਾਰ ਵਰਤੋਂ ਹੋਈ ਹੈ। ਪੰਜਵੀਂ ਤੇ ਛੇਵੀਂ ਤੁਕ ਮਿਲਾ ਕੇ ਇਸਦੀ ਵਰਤੋਂ ਛੇ ਵਾਰ ਹੋਈ ਹੈ ਅਤੇ 'ਪੱਤ' ਚਾਰ ਵਾਰੀ ਆਇਆ ਹੈ। ਸਤਵੀਂ ਤੁਕ ਵਿੱਚ ਦੋ ਵਾਰੀ 'ਪਤਿਤ' ਸ਼ਬਦ, ਤਿੰਨ ਵਾਰੀ 'ਪ' ਅਤੇ ਪੰਜ ਵਾਰੀ 'ਤ' ਦੀ ਵਰਤੋਂ ਕੀਤੀ ਗਈ ਹੈ। ਅੱਠਵੀਂ ਤੁਕ ਵਿੱਚ ਹੋਂਠੀ ਵਿਅੰਜਨ 'ਪ', ' ਬ', ਅਤੇ 'ਭ' ਇੱਕੋ ਤੁਕ ਵਿੱਚ ਆਏ ਹਨ। 'ਸਾਡੇ ਸਿਰ' ਵਿੱਚ 'ਸ' ਵਰਣ ਦਾ ਦੁਹਰਾਅ ਹੈ। ਨੌਂਵੀਂ ਤੁਕ ਵਿੱਚ 'ਅਗਲੇ ਦਿਨ ਅਜੇ' ਵਿੱਚ 'ਅ' ਦੋ ਵਾਰੀ ਆਇਆ ਹੈ। ਦਸਵੀਂ ਤੁਕ ਵਿੱਚ ਚਿੱਟੇ ਚੌਲ ਅੰਦਰ 'ਚ' ਵਰਣ ਦਾ ਦੁਹਰਾਅ ਹੈ। ਇੰਜ ਪਤਾ ਲੱਗਦਾ ਹੈ ਕਿ ਲੇਖਕ ਨੇ ਅਨੁਪ੍ਰਾਸ ਅਲੰਕਾਰ ਦੀਆਂ ਕਈ ਵੰਨਗੀਆਂ ਦੀ ਪੇਸ਼ਕਾਰੀ ਇਹਨ੍ਹਾ ਤੁਕਾਂ ਵਿੱਚ ਕੀਤੀ ਹੈ।

1. ਸਤਿਗੁਰ ਚਿੱਲ੍ਹੇ ਚਾੜ੍ਹ ਕੇ, ਜਦੋਂ ਮਾਰਦੇ ਤੀਰ
ਥਰ ਥਰ ਥਰ ਥਰ ਕੰਬਦੇ, ਬੜੇ ਬੜੇ ਬਲਬੀਰ (ਤੁਲਸੀ, ਪੰਨਾ 93)
2. ਡਿੱਗਿਆਂ ਤੇ ਢੱਠਿਆਂ ਨੂੰ , ਮਾੜਿਆਂ ਤੇ ਮੱਠਿਆਂ ਨੂੰ,
ਕਰ ਕੇ ਇਕੱਠਾ, ਇੱਕ ਇੱਕ ਨੂੰ ਪਿਆਰੇਗਾ (ਤੁਲਸੀ, ਪੰਨਾ 30)

ਪਹਿਲੇ ਪੈਰ੍ਹੇ ਦੀ ਪਹਿਲੀ ਤੁਕ ਵਿੱਚ 'ਚ' ਅਤੇ 'ਤ' ਵਰਣ ਦੋ ਵਾਰੀ ਅਤੇ 'ਰ' ਵਰਣ ਤਿੰਨ ਵਾਰੀ ਆਇਆ ਹੈ। 'ਤ' ਅਤੇ 'ਦ' ਵਿੱਚ ਦੰਤੀ ਵਰਣ ਹੋਣ ਦੀ ਸਾਂਝ ਹੈ। ਦੂਜੀ ਤੁਕ ਵਿੱਚ 'ਥਰ' ਸ਼ਬਦ ਚਾਰ ਵਾਰੀ , 'ਬੜੇ' ਦੋ ਵਾਰੀ ਅਤੇ 'ਬ' ਵਰਣ ਪੰਜ ਵਾਰੀ ਆਇਆ ਹੈ। ਦੂਜੇ ਪੈਰ੍ਹੇ ਦੀ ਪਹਿਲੀ ਤੁਕ ਵਿੱਚ 'ਇਆਂ' ਸ਼ਬਦਾਂਸ਼ ਚਾਰ ਵਾਰੀ, 'ਤੇ' ਦੋ ਵਾਰੀ, 'ਨੂੰ' ਦੋ ਵਾਰੀ ਆਇਆ ਹੈ।

ਦੂਜੀ ਤੁਕ ਵਿੱਚ 'ਇੱਕ' ਦੋ ਵਾਰੀ , 'ਰ' ਦੋ ਵਾਰੀ, 'ਕ' ਚਾਰ ਵਾਰੀ ਅਤੇ 'ਇ' ਸਵਰ ਧੁਨੀ ਚਾਰ ਵਾਰੀ ਆਏ ਹਨ। ਇਸ ਲਈ ਅਨੁਪ੍ਰਾਸ ਅਲੰਕਾਰ ਬਣਦਾ ਹੈ।

ਅਪਹੁਨਤੀ ਅਲੰਕਾਰ :

ਅਪਹੁਨਤੀ ਦਾ ਅਰਥ 'ਮੁਕਰਨਾ' ਹੁੰਦਾ ਹੈ। ਅਪਹੁਨਤੀ ਅਲੰਕਾਰ ਵਿੱਚ ਉਪਮੇਅ ਨੂੰ ਲੁਕੋਕੇ ਜਾਂ ਇਨਕਾਰ ਕਰਕੇ ਉਪਮਾਨ ਦੀ ਸਥਾਪਨਾ ਕੀਤੀ ਜਾਂਦੀ ਹੈ।[14]

ਉਹ ਮਿਹਰਾਂ ਦਾ ਸਰਚਸ਼ਮਾ ਸੀ
ਉਹ ਮਾਨਵ ਨਹੀਂ ਫਰਿਸ਼ਤਾ ਸੀ (ਹਸਰਤ, ਪੰਨਾ 115)

ਗੁਰੂ ਸਾਹਿਬ ਨੂੰ ਮਾਨਵਤਾ ਤੋਂ ਮੁਨਕਰ ਹੋ ਕੇ ਫ਼ਰਿਸ਼ਤਾ ਬਿਆਨ ਕੀਤਾ ਗਿਆ ਹੈ।

ਸ਼ਲੇਸ਼ ਅਲੰਕਾਰ :

ਜਦੋਂ ਇੱਕ ਸ਼ਬਦ ਦੇ ਅਨੇਕ ਅਰਥ ਪ੍ਰਗਟ ਹੋਣ ਤਾਂ ਸਲੇਸ਼ ਅਲੰਕਾਰ ਹੁੰਦਾ ਹੈ।[15] ਵਰਣ, ਪਦ, ਲਿੰਗ, ਭਾਸ਼ਾ, ਪ੍ਰਕ੍ਰਿਤੀ, ਪ੍ਰਤਿਅ, ਵਿਭਕਤੀ ਅਤੇ ਵਚਨ ਦੇ ਅਧਾਰ 'ਤੇ ਸਲੇਸ਼ ਅਲੰਕਾਰ ਅੱਠ ਪ੍ਰਕਾਰ ਦਾ ਮੰਨਿਆਂ ਜਾਂਦਾ ਹੈ।[16]

ਮਾਹੀ ਤੇ ਹਲਵਾਈ ਜਦੋਂ ਪਛਾਣਿਆ
ਹੈਰਤ ਕੀਤੀ ਖਾਨਾਂ ਤੇ ਜ਼ਰਵਾਣਿਆਂ (ਤੁਲਸੀ, ਪੰਨਾ 100)

ਊਪਰੋਕਤ ਤੁਕਾਂ ਵਿੱਚ 'ਮਾਹੀ' ਤੋਂ ਭਾਵ 'ਡੰਗਰ ਚਾਰਨ ਵਾਲਾ ਪਾਲ਼ੀ' ਹੈ ਜੋ ਭੰਗਾਣੀ ਦੇ ਮੈਦਾਨ ਵਿੱਚ ਜੂਝਦਾ ਹੈ। ਮਾਹੀ ਦਾ ਅਰਥ ਗੁਰੂ ਗੋਬਿੰਦ ਸਿੰਘ ਵੀ ਬਣਦਾ ਹੈ। ਇਸ ਲਈ ਇਹ ਸਲੇਸ਼ ਅਲੰਕਾਰ ਹੈ।

ਸ਼ਕਤੀ ਹੀ ਪ੍ਰਮੁੱਖ ਹੈ ਚੱਲਦੀ ਵਿੱਚ ਸੰਸਾਰ [57] (ਰਾਏ, ਪੰਨਾ 113)

ਇਸ ਤੁਕ ਵਿੱਚ ਸ਼ਕਤੀ ਤੋਂ ਭਾਵ ਹਥਿਆਰਾਂ ਦੀ ਸ਼ਕਤੀ, ਰਾਜ ਸਤਾ ਦੀ ਸ਼ਕਤੀ, ਜਾਂ ਪ੍ਰਮਾਤਮਾ ਦੀ ਸ਼ਕਤੀ ਹੋ ਸਕਦਾ ਹੈ। ਵਧੇਰੇ ਅਰਥਾਂ ਦਾ ਧਾਰਨੀ ਹੋਣ ਕਾਰਨ ਸਲੇਸ਼ ਅਲੰਕਾਰ ਬਣਦਾ ਹੈ।

ਸੰਭਾਵਨਾ ਅਲੰਕਾਰ :

ਸੰਭਾਵਨਾ ਅਲੰਕਾਰ ਦੇ ਨਾਂ ਤੋਂ ਪਤਾ ਲੱਗਦਾ ਹੈ ਕਿ ਜਿਸ ਜਗ੍ਹਾ ਕੋਈ ਆਸ ਉਮੀਦ ਹੋਵੇ ਜਾਂ ਕਿਸੇ ਘਟਨਾ ਦੇ ਵਾਪਰਨ ਦਾ ਅਸਾਰ ਹੋਵੇ ਤਾਂ ਉੱਥੇ ਸੰਭਾਵਨਾ ਅਲੰਕਾਰ ਹੁੰਦਾ ਹੈ। ਸੰਭਾਵਨਾ ਅਲੰਕਾਰ ਵਿੱਚ ਕੰਮ ਦੇ ਹੋਣ ਦੀ ਉਮੀਦ ਹੁੰਦੀ ਹੈ। ਜੇ ਇੰਜ ਹੁੰਦਾ ਤਾਂ ਆਹ ਕੰਮ ਹੋ ਸਕਦਾ ਸੀ। ਸੰਭਾਵਨਾ ਅਲੰਕਾਰ ਵਿੱਚ ਇਸ ਪ੍ਰਕਾਰ ਦੀ ਉਮੀਦ ਰੱਖੀ ਜਾਂਦੀ ਹੈ।

ਨਾਹਣ ਰਿਆਸਤ ਵਿੱਚ ਬ੍ਰਿਧ ਰਿਸ਼ੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਹ ਆਪਣੇ ਸੇਵਾਦਾਰ ਚਾਂਦੋ ਕੋਲ ਗੁਰੂ ਜੀ ਦੇ ਮਿਲਾਪ ਦੀ ਸੰਭਾਵਨਾ ਪ੍ਰਗਟ ਕਰਦਾ ਹੈ।

ੳ. ਜਾਹ ਖਾਂ ਮੇਰੇ ਚੰਨਿਆਂ, ਜੰਗਲ ਕਰਕੇ ਪਾਰ
ਚੜ੍ਹ ਟਿੱਬੀ ਦੀ ਟੀਸੀਓਂ, ਤੱਕੀਂ ਨੈਣ ਪਸਾਰ
ਸ਼ਾਇਦ ਅੱਜ ਇਹ ਝਾਵਲਾ, ਹੋ ਜਾਏ ਸਾਕਾਰ
ਹੋਵਣ ਅੰਤਮ ਸੁਆਸ 'ਤੇ, ਸਾਮਰਤੱਖ ਦੀਦਾਰ (ਸਰਨਾ, ਪੰਨਾ 158)

ਅ. ਮੁੜ-ਮੁੜ ਪੈਂਦੇ ਝਾਂਵਲੇ, ਦੇਵਣ ਅੱਜ ਧਰਵਾਸ
ਵੀਹ ਵਿਸਵੇ ਪੁੱਗ ਜਾਵਣੀ, ਮੇਰੀ ਮਨਸਾ ਆਸ (ਸਰਨਾ, ਪੰਨਾ 159)

ਸਮਰਣ ਅਲੰਕਾਰ :

ਜਿੱਥੇ ਕਿਸੇ ਵਸਤੂ ਜਾਂ ਘਟਨਾ ਨੂੰ ਵੇਖ ਕੇ ਕਿਸੇ ਪਹਿਲਾਂ ਵੇਖੀ ਹੋਈ ਵਸਤੂ ਜਾ ਘਟਨਾ ਦਾ ਚੇਤਾ ਆ ਜਾਏ, ਉਸ ਨੂੰ ਸਮਰਣ ਅਲੰਕਾਰ ਆਖਦੇ ਹਨ।[17]

ਕਰ ਕੇ ਹੱਲਾ ਗੁਰੂ 'ਤੇ, ਹੁਣ ਅੰਤਮ ਵੇਰੀ
ਚੇਤੇ ਰਤਾ ਕਰਾ ਦਿਓ, ਗੌਰੀ ਦੀ ਫੇਰੀ (ਸਰਨਾ, ਪੰਨਾ 207)

ਇਸ ਉਦਾਹਰਣ ਵਿੱਚ ਮੁਹੰਮਦ ਗੌਰੀ ਦੇ ਹਮਲੇ ਦਾ ਚੇਤਾ ਕਰਵਾਉਣਾ ਇਸ ਨੂੰ ਸਮਰਣ ਅਲੰਕਾਰ ਸਿੱਧ ਕਰਦਾ ਹੈ।

ਸ਼੍ਰਿੰਖਲਾ ਅਲੰਕਾਰ :

ਸ਼੍ਰਿੰਖਲਾ ਦਾ ਅਰਥ ਹੈ 'ਸੰਗਲੀ'। ਇਸ ਅਲੰਕਾਰ ਵਿੱਚ ਵਾਕ ਜਾਂ ਪਦ ਕੜੀਆਂ ਵਾਂਗ ਜੁੜੇ ਹੁੰਦੇ ਹਨ। ਕੜੀਆਂ ਦੀ ਇੱਕ ਲੜੀ ਬਣ ਜਾਂਦੀ ਹੈ। [18]

ਪਹਿਲੋਂ ਪਾਈ ਆਦਮੀ, ਆਪਣੇ ਮਨ ਵਿੱਚ ਹੱਦ
ਵੰਡਿਆ ਆਪਣੀ ਅੱਲ ਨੂੰ, ਵੰਡੀ ਆਪਣੀ ਜੱਦ
ਵੰਡ ਲਿਆ ਫਿਰ ਓਸਨੇ, ਆਪਣਾ ਹੀ ਪ੍ਰਵਾਰ
ਆਪਣੇ ਵਿਹੜੇ ਵਿੱਚ ਹੀ, ਕੀਤੀ ਖੜੀ ਦੀਵਾਰ
ਫਿਰ ਦੀਵਾਰਾਂ ਉੱਠ ਕੇ, ਗਈਆਂ ਬਾਹਰ ਖਲੋ
ਵੱਖੋ-ਵੱਖ ਮਕਾਨ ਤੇ, ਪਿੰਡ ਗਏ ਫਿਰ ਹੋ (ਤੁਲਸੀ, ਪੰਨਾ 81)

ਸੁਭਾਵੋਕਤੀ ਅਲੰਕਾਰ :

ਕਿਸੇ ਵਸਤੂ ਦੇ ਜਾਤੀ ਸੁਭਾਅ ਦਾ ਜਿਕਰ ਕਰਨਾ ਸੁਭਾਵੋਕਤੀ ਅਲੰਕਾਰ ਹੁੰਦਾ ਹੈ। ਇਸ ਦਾ ਨਾਂ 'ਜਾਤੀ ਅਲੰਕਾਰ' ਵੀ ਹੈ।[19]

ਜੇ ਕੁੱਤਾ ਰਾਜ ਬਹਾਲੀਏ, ਉਹ ਮੁੜ-ਮੁੜ ਚੱਟਦੈ ਚੱਕੀਆਂ
ਤੂੰ ਸਿੰਬਲ ਰੁੱਖ ਹੈਂ ਮੂਰਖਾ, ਫੁੱਲ ਕਲੀਆਂ ਨੇ ਬਕਬੱਕੀਆਂ
ਅੱਜ ਸ਼ੇਰ ਬੱਬਰ ਨੂੰ ਦੇ ਰਿਹਾਂ, ਤੂੰ ਗਿੱਦੜਾ ਗਿੱਦੜ ਭਬੱਕੀਆਂ
(ਤੁਲਸੀ, ਪੰਨਾ 51)

ਹੇਤ ਅਲੰਕਾਰ :

ਜਦੋਂ ਕਾਰਨਾ ਅਤੇ ਕਾਰਜਾਂ ਨੂੰ ਨਾਲ-ਨਾਲ ਵਰਣਨ ਕੀਤਾ ਜਾਏ ਤਾਂ ਹੇਤ ਅਲੰਕਾਰ ਹੁੰਦਾ ਹੈ।[20]

ਦਿਨ ਚੜ੍ਹਿਆ ਵੱਡਭਾਗੀਓ, ਅੱਜ ਭਾਗਾਂ ਵਾਲਾ
ਨੂਰਾਂ ਜਾਇਆ ਸ਼ੋਭਨੀਕ, ਤੇ ਸ਼ਗਨਾ ਭਰਿਆ
ਸਾਹਿਬਜ਼ਾਦੇ ਪੰਜਵੇਂ ਨੇ, ਅੱਜ ਜਨਮ ਲਿਆ
ਪ੍ਰਗਟਿਆ ਮਾਤਾ ਨਾਨਕੀ, ਗ੍ਰਹਿ ਰਾਜ ਦੁਲਾਰਾ (ਸਰਨਾ, ਪੰਨਾ 5)

ਦਿਨ ਦਾ ਭਾਗਾਂ ਵਾਲਾ, ਨੂਰਾਂ ਜਾਇਆ , ਸ਼ੋਭਨੀਕ ਅਤੇ ਸ਼ਗਨਾ ਭਰਿਆ ਹੋਣ ਦਾ ਕਾਰਨ ਤਿਆਗ ਮੱਲ (ਨੌਵੇਂ ਗੁਰੂ ਦੇ ਬਚਪਨ ਦਾ ਨਾਂ) ਦਾ ਜਨਮ ਹੈ। ਇਸ ਲਈ ਇਹ ਹੇਤ ਅਲੰਕਾਰ ਬਣਦਾ ਹੈ।

ਮਨ ਦੇ ਅੰਦਰ ਧੁਖਦੀ, ਸੀ ਚਿੰਤਾ ਕੋਈ
ਅੱਖੀਆਂ ਤਾਈਂ ਦੇ ਗਈ, ਨੀਂਦ ਤਿਲਾਂਜਲੀ
ਕੱਲ੍ਹ ਆਥਣ ਨੂੰ ਖਬਰ, ਲਿਆਇਆ ਦੂਤ ਸੀ
ਅਲਫ ਖਾਂ ਨੇ ਕੀਤਾ, ਜੰਮੂਓਂ ਕੂਚ ਸੀ
ਵੱਲ ਕਾਂਗੜੇ ਧਾਈ, ਕਰਕੇ ਆ ਰਿਹਾ
ਚੋਖੀ ਸੈਨਾ ਆਪਣੇ, ਨਾਲ ਲਿਆ ਰਿਹਾ
ਟਕੇ ਤਾਰਨੇ ਪੈਣੇ, ਸਨ ਤਵਾਨ ਦੇ
ਪਿਛਲੇ ਦੋ ਤਿੰਨ ਵਰ੍ਹਿਆਂ, ਦੇ ਅਟਕੇ ਹੋਏ (ਸਰਨਾ, ਪੰਨਾ 258)

ਕਾਂਗੜੇ ਦੇ ਰਾਜੇ ਦੀ ਚਿੰਤਾ ਦਾ ਕਾਰਨ ਅਲਫ ਖਾਂ ਦੀ ਚੜ੍ਹਾਈ ਸੀ। ਅਲਫ ਖਾਂ ਪਹਾੜੀ ਰਾਜਿਆਂ ਤੋਂ ਕਰ ਉਗਰਾਹੁਣ ਲਈ ਸੈਨਾ ਸਮੇਤ ਆ ਰਿਹਾ ਸੀ। ਕਾਂਗੜੇ ਦੇ ਰਾਜੇ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਕਰ ਨਹੀਂ ਭਰਿਆ ਸੀ। ਇਹੀ ਉਸਦੀ ਬੇਚੈਨੀ ਦਾ ਕਾਰਨ ਸੀ।

ਹੇਤਮਾਲਾ ਅਲੰਕਾਰ :

ਹੇਤਮਾਲਾ ਅਲੰਕਾਰ ਨੂੰ 'ਕਾਰਨਮਾਲਾ ਅਲੰਕਾਰ' ਵੀ ਆਖਿਆ ਜਾਂਦਾ ਹੈ। ਇਸ ਵਿੱਚ ਕਾਰਨ ਅਤੇ ਕਾਰਜ ਲੜੀਵਾਰ ਪੇਸ਼ ਕੀਤੇ ਜਾਂਦੇ ਹਨ। ਕਈ ਵਾਰੀ ਕਾਰਨ ਪਹਿਲੀ ਤੁਕ ਵਿੱਚ ਅਤੇ ਕਾਰਜ ਦੂਜੀ ਤੁਕ ਵਿੱਚ ਹੁੰਦਾ ਹੈ ਅਤੇ ਕਦੀ ਇਹ ਤੁਕਾਂ ਸਥਾਨਾਂਤਰਣ ਕਰ ਲੈਂਦੀਆਂ ਹਨ।[21]

ਤਾਂਹੀਓ ਕੀਤਾ ਏਕਾ, ਰਾਜੇ ਰਾਣਿਆਂ
ਦੇਣਾ ਨਹੀ ਖਿਰਾਜ, ਮੂੰਹੋਂ ਮੰਗਿਆ
ਮੰਗਣ ਖਾਤਰ ਛੋਟਾਂ, ਅਤੇ ਮੁਆਫ਼ੀਆਂ

ਰਲ ਕੇ ਸਭਨਾ ਨੇ, ਫਰਿਆਦਾਂ ਕਰਨੀਆਂ
ਪੈਦਾ ਹੋਵੇ ਸੂਰਤ, ਐਸੀ ਜੇ ਕਦੀ
ਦੇਵੇ ਮੁਗਲ ਹਕੂਮਤ, ਧਮਕੀ ਜੰਗ ਦੀ
ਸਭਨਾ ਨੇ ਹੈ ਮਿਲਕੇ, ਕਰਨਾ ਟਾਕਰਾ
ਟਕਾ ਇੱਕ ਵੀ ਭਰਨਾ, ਨਹੀਂ ਖਿਰਾਜ ਦਾ (ਸਰਨਾ, ਪੰਨਾ 259)

ਪਹਿਲੀ ਤੁਕ ਵਿੱਚ ਪਹਾੜੀ ਰਾਜਿਆਂ ਦਾ ਏਕਾ ਬਿਆਨ ਕੀਤਾ ਗਿਆ ਹੈ, ਦੂਜੀ ਤੁਕ ਵਿੱਚ ਏਕੇ ਦਾ ਕਾਰਨ ਦੱਸਿਆ ਹੈ। ਪਹਾੜੀ ਰਾਜਿਆਂ ਦੇ ਏਕੇ ਦਾ ਕਾਰਨ ਹੈ ਕਿ ਪੂਰਾ ਕਰ ਨਾ ਭਰਿਆ ਜਾਏ। ਤੀਜੀ ਤੁਕ ਵਿੱਚ ਛੋਟਾਂ ਅਤੇ ਮੁਆਫੀਆਂ ਕਾਰਨ ਹੈ। ਇਸ ਦੀ ਪੂਰਤੀ ਲਈ ਫਰਿਆਦਾਂ ਕਰਨ ਦੀ ਲੋੜ ਹੈ ਜੋ ਕਿ ਚੌਥੀ ਤੁਕ ਵਿੱਚ ਬਿਆਨ ਕੀਤਾ ਹੈ। ਛੋਟਾਂ ਲਈ ਸਾਰੇ ਰਾਜੇ ਰਲ ਕੇ ਫਰਿਆਦ ਕਰਨਗੇ। ਪੰਜਵੀਂ ਅਤੇ ਛੇਵੀਂ ਤੁਕ ਵਿੱਚ ਸੰਭਾਵਨਾ ਹੈ ਕਿ ਜੇਕਰ ਅਲਫ ਖਾਂ ਘੱਟ ਖਿਰਾਜ ਲੈਣਾ ਨਾ ਮੰਨੇ ਅਤੇ ਜੰਗ ਦੀ ਧਮਕੀ ਦੇਵੇ ਤਾਂ ਕੀ ਹੋਏਗਾ। ਸੱਤਵੀਂ ਅਤੇ ਅੱਠਵੀਂ ਤੁਕ ਇਸ ਦਾ ਸਿੱਟਾ ਪੇਸ਼ ਕਰਦੀ ਹੈ। ਅਜਿਹੀ ਸਥਿੱਤੀ ਵਿੱਚ ਪਹਾੜੀ ਰਾਜੇ ਇਕੱਠੇ ਹੋ ਕੇ ਅਲਫ ਖਾਂ ਨਾਲ ਯੁੱਧ ਕਰਨਗੇ ਅਤੇ ਖਿਰਾਜ ਬਿਲਕੁਲ ਨਹੀਂ ਦੇਣਗੇ।

ਖੰਡੇ ਵਾਲੀ ਪਾਹੁਲ ਪੀ ਕੇ, ਖੰਡੇ ਵਾਂਗੂੰ ਹੋਏ ਤਿੱਖੇ
ਡਰ ਅਤੇ ਭਉ ਰਤੀ, ਨੇੜੇ ਨਹੀਂ ਆਂਵਦਾ (ਹਸਰਤ, ਪੰਨਾ 75)

ਇਸ ਤੁਕ ਵਿੱਚ ਖੰਡੇ ਦੀ ਪਾਹੁਲ (ਅੰਮ੍ਰਿਤ) ਪੀਣਾ ਕਾਰਨ ਹੈ। ਇਸਦਾ ਪ੍ਰਭਾਵ ਸਿੰਘਾਂ ਨੂੰ ਖੰਡੇ ਵਾਂਗ ਤਿੱਖੇ (ਅਣਖੀਲੇ ਅਤੇ ਬਹਾਦਰ) ਬਣਾ ਦਿੰਦਾ ਹੈ। ਸਿੰਘਾਂ ਨੂੰ ਅਣਖੀਲੇ ਬਣਾਉਣਾ ਅੰਮ੍ਰਿਤ ਦਾ ਕਾਰਜ ਹੈ। ਤੁਕ ਵਿੱਚ ਇੱਕ ਹੋਰ ਕਾਰਜ ਸਿੰਘਾਂ ਦਾ ਡਰ ਅਤੇ ਭੈਅ ਮੁਕਤ ਹੋਣਾ ਹੈ। ਇਸਦਾ ਕਾਰਨ ਸਿੰਘਾਂ ਦਾ ਅਣਖੀਲੇ ਅਤੇ ਬਹਾਦਰ ਹੋਣਾ ਹੈ। ਕਾਰਨਾ ਅਤੇ ਕਾਰਜਾਂ ਦੀ ਲੜੀ ਇਸਨੂੰ ਕਾਰਨਮਾਲਾ ਅਲੰਕਾਰ ਸਿੱਧ ਕਰਦੀ ਹੈ।

ਗੂੜ੍ਹ ਉਕਤੀ ਅਲੰਕਾਰ :

ਜਦੋਂ ਕਿਹਾ ਕੁਝ ਹੋਰ ਜਾਏ ਪਰ ਇਸ਼ਾਰਾ ਕਿਸੇ ਹੋਰ ਗੱਲ ਵੱਲ ਹੋਵੇ ਤਾਂ ਗੂੜ ਉਕਤੀ (ਗੂੜੋਕਤੀ) ਅਲੰਕਾਰ ਹੁੰਦਾ ਹੈ। ਇਸਦਾ ਨਾਂ ਅਨਉਕਤੀ ਵੀ ਹੈ।[22]

ਸੁੰਗੜੇ ਸੂਰਜ ਬਣੇ ਨੇ, ਗੋਰਾਂ ਲਾਫ਼ਾਨੀ
ਹੌਲਣ ਤਾਰੇ ਵੇਖਕੇ, ਖੰਜਰ ਵੀਰਾਨੀ
ਤਪਦੇ ਥੰਮ੍ਹ ਖਲਾਅ ਦੇ, ਨਾ ਭਗਤ ਨਿਸ਼ਾਨੀ (ਮਹਿਬੂਬ, ਪੰਨਾ 118)

ਦੀਪਕ ਅਲੰਕਾਰ :

ਦੀਪਕ ਦਾ ਅਰਥ 'ਪ੍ਰਕਾਸ਼ ਕਰਨ ਵਾਲਾ' ਹੁੰਦਾ ਹੈ। ਜੇ ਇੱਕ ਕਰਤਾ ਦੀਆਂ ਕਈ ਕ੍ਰਿਆਵਾਂ ਹੋਣ ਜਾਂ ਕਈ ਕ੍ਰਿਆਵਾਂ ਦਾ ਇੱਕ ਕਰਤਾ ਹੋਵੇ ਤਾਂ ਦੀਪਕ ਅਲੰਕਾਰ ਹੁੰਦਾ ਹੈ।[23]

ਦੁਸ਼ਟਾਂ ਨੂੰ ਮਾਰਨੀ ਤੇ ਪਾਪਾਂ ਨੂੰ ਸੰਘਾਰਨੀ ਸੀ
ਪਰਉਪਕਾਰਨੀ ਸੀ ਤੇਗ ਦਸ਼ਮੇਸ਼ ਦੀ (ਤੁਲਸੀ, ਪੰਨਾ165)
ਤੂੰ ਰਾਗ ਤੇ ਕਵਿਤਾ ਦਫ਼ਨ ਕਰੇ
ਮਹਿਕਾਂ ਨੂੰ ਲਾਏ ਹਨ ਜਿੰਦਰੇ (ਹਸਰਤ, ਪੰਨਾ 60)

ਇਸ ਉਦਾਹਰਣ ਦੇ ਪਹਿਲੇ ਅੱਧ ਵਿੱਚ ਦਸਵੇਂ ਗੁਰੂ ਜੀ ਦੀ ਤੇਗ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਹਨ, ਜਿੰਨ੍ਹਾਂ ਨੂੰ ਅਲੱਗ-ਅਲੱਗ ਕ੍ਰਿਆਵਾਂ ਨਾਲ ਪੇਸ਼ ਕੀਤਾ ਗਿਆ ਹੈ। ਗੁਰੂ ਜੀ ਦੀ ਤੇਗ ਦੁਸ਼ਟ ਵਿਅਕਤੀਆਂ ਨੂੰ ਮਾਰਨ ਵਾਲੀ ਹੈ। ਉਹ ਪਾਪੀ ਬੰਦਿਆਂ ਨੂੰ ਨਸ਼ਟ ਕਰ ਦਿੰਦੀ ਹੈ। ਗੁਰੂ ਜੀ ਦੀ ਤੇਗ ਪਰ ਉੱਪਕਾਰੀ ਹੈ। ਦੂਜੇ ਅੱਧ ਵਿੱਚ ਔਰੰਗਜ਼ੇਬ ਦੇ ਤਿੰਨ ਕੰਮ ਬਿਆਨ ਕੀਤੇ ਹਨ। ਉਹ ਰਾਗ ਅਤੇ ਕਵਿਤਾ ਨੂੰ ਖਤਮ ਕਰ ਰਿਹਾ ਹੈ। ਲੋਕਾਂ ਦੀਆਂ ਖੁਸ਼ੀਆਂ ਵਿੱਚ ਰੁਕਾਵਟ ਪਾ ਰਿਹਾ ਹੈ।

ਦ੍ਰਿਸ਼ਟਾਂਤ ਅਲੰਕਾਰ :

ਦ੍ਰਿਸ਼ਟਾਂਤ ਦਾ ਅਰਥ 'ਉਦਾਹਰਣ' ਹੁੰਦਾ ਹੈ। ਦ੍ਰਿਸ਼ਟਾਂਤ ਅਲੰਕਾਰ ਵਾਸਤੇ ਦੋ ਤੁਕਾਂ ਹੋਣੀਆਂ ਜ਼ਰੂਰੀ ਹਨ। ਇਕ ਤੁਕ ਵਿੱਚ ਬਿੰਬ ਅਤੇ ਦੂਸਰੀ ਵਿੱਚ ਪ੍ਰਤੀਬਿੰਬ ਹੁੰਦਾ ਹੈ। ਇੱਕ ਤੁਕ ਵਿੱਚ ਕੋਈ ਵਿਚਾਰ ਪੇਸ਼ ਕੀਤਾ ਜਾਂਦਾ ਹੈ ਅਤੇ ਦੂਸਰੀ ਤੁਕ ਵਿੱਚ ਵਿਚਾਰ ਨਾਲ ਮਿਲਦੀ-ਜੁਲਦੀ ਕੋਈ ਉਦਾਹਰਣ ਪੇਸ਼ ਕੀਤੀ ਜਾਂਦੀ ਹੈ। ਉਦਾਹਰਣ ਪਹਿਲੀ ਤੁਕ ਵਿੱਚ ਵੀ ਆ ਸਕਦੀ ਹੈ ਅਤੇ ਦੂਸਰੀ ਤੁਕ ਵਿੱਚ ਵੀ ਆ ਸਕਦੀ ਹੈ।

ੳ. ਏਦਾਂ ਖੋਲ੍ਹੇ ਹੋਂਠ ਸੀ, ਆਲੀ ਗੁਰੂ ਜਨਾਬ
ਜਿੰਦਾਂ ਖੋਲ੍ਹ ਕੇ ਪੱਤੀਆਂ, ਖਿੜ੍ਹਦਾ ਕੋਈ ਗੁਲਾਬ (ਤੁਲਸੀ, ਪੰਨਾ 124)

ਅ. ਕੀਤੇ ਖਾਨਾਂ ਦੇ ਉਸ, ਏਦਾਂ ਡੱਕਰੇ
ਜਿੱਦਾਂ ਈਦਾਂ ਨੂੰ, ਝਟਕਾਈਏ ਬੱਕਰੇ (ਤੁਲਸੀ, ਪੰਨਾ 102)

ੲ. ਦਇਆ ਰਾਮ ਇੰਜ ਲੜਿਆ, ਚੁੱਕ ਦੁਧਾਰੀਆ
ਜਿੱਦਾਂ ਲੜਦਾ ਹੋਵੇ, ਦ੍ਰੋਣਾਚਾਰੀਆ (ਤੁਲਸੀ, ਪੰਨਾ 101)

ਸ. ਜਿਵੇਂ ਝਪਟਦੇ ਬਾਜ, ਵੇਖ ਸ਼ਿਕਾਰ ਨੂੰ
ਤਿਵੇਂ ਸਿੰਘ ਦਰਾਜ, ਨੇ ਹੱਥ ਕਰ ਰਹੇ (ਅਜ਼ਾਦ, ਪੰਨਾ 156)

ਹ. ਖਾ ਕੇ ਪੂਜਾ ਨਿੱਘਰਦੇ, ਹੈਨ ਉਵੇਂ ਹੀ ਅੰਗ
ਜਿਵੇਂ ਉਹਨਾਂ ਨੂੰ ਮਾਰ ਲਏ, ਮਾਤਾ ਜੀ ਅਧਰੰਗ (ਅਜ਼ਾਦ, ਪੰਨਾ 171)

ਕ. ਇਹ ਮਹਾਂਕਾਵਿ ਹੈ ਇਉਂ ਲਿਖਿਆ,
ਜਿਉਂ ਵੇਗ ਭਰੇ ਚੱਲਦੇ ਦਰਿਆ (ਹਸਰਤ, ਪੰਨਾ 31)

ਖ. ਹਰ ਪਾਸੇ ਮਹਿਕ ਸੀ ਚੰਦਨ ਦੀ,

ਜਿਉਂ ਝੁੱਲ ਪੈਂਦੀ ਹੈ ਕਸਤੂਰੀ (ਹਸਰਤ, ਪੰਨਾ 34)

ਗ. ਏਦਾਂ ਰਣ ਵਿੱਚ ਫਿਰ ਗਈ, ਉਸਦੀ ਸਰਵਾਹੀ

ਜਿਉਂ ਲਾਵੇ ਪੱਕੇ ਖੇਤ ਨੂੰ, ਅੱਜ ਦਾਤੀ ਲਾਈ (ਸਰਨਾ, ਪੰਨਾ 201)

ਘ. ਲਹੂ ਪੂੰਝ ਕੇ ਲਾਕੇ, ਦਾਰੂ ਦਰਮਲਾਂ

ਇੱਕ-ਇੱਕ ਦੀ ਸੰਭਾਲ, ਕੀਤੀ ਇਸ ਤਰ੍ਹਾਂ

ਜਿੱਦਾਂ ਬੱਚੇ ਆਪਣੇ, ਭੁੱਲਦੀ ਕੂੰਜ ਨਾ (ਸਰਨਾ, ਪੰਨਾ 220)

ਙ. ਖਿੱਲਰੇ ਵਿੱਚ ਮੈਦਾਨ ਦੇ, ਸਿਰ ਅੰਗਾਂ ਦੇ ਢੇਰ

ਜਿਉਂ ਕਰ ਖਿੱਦੋ ਖੂੰਡੀਆਂ, ਖਿੱਲਰੀਆਂ ਹੋਣ ਚੁਫੇਰ

(ਰਾਏ, ਪੰਨਾ 227, 228)

ਚ. ਓਦਰੇ ਬਾਲਕ ਨੂੰ ਜਿਵੇਂ, ਮਾਂ ਮੋਹ ਲਵੇ ਪਲੋਸ

ਇਉਂ ਜਰਾਹ ਨੇ ਜਖਮ ਨੂੰ, ਕੀਤਾ ਆ ਬੇਦੋਸ਼ (ਮਹਿਬੂਬ, ਪੰਨਾ 520)

ਨਿਰਦਰਸ਼ਨਾ ਅਲੰਕਾਰ :

ਜਿੱਥੇ ਪਦਾਰਥਾਂ ਜਾਂ ਵਾਕ ਅਰਥਾਂ ਦਾ ਅਸੰਭਵ ਸਬੰਧ ਉਪਮਾ ਦੀ ਕਲਪਨਾ ਕਰ ਲੈਂਦਾ ਹੈ, ਉੱਥੇ ਨਿਰਦਰਸ਼ਨਾ ਅਲੰਕਾਰ ਹੁੰਦਾ ਹੈ।[24] ਨਿਰਦਰਸ਼ਨਾ ਦਾ ਅਰਥ ਵਿਖਾਉਣਾ ਜਾਂ ਉਦਾਹਰਣ ਰਚਕੇ ਦੱਸਣਾ ਹੁੰਦਾ ਹੈ। ਇਹ ਦ੍ਰਿਸ਼ਟਾਂਤ ਅਲੰਕਾਰ ਵਾਂਗ ਲੱਗਦਾ ਹੈ, ਪਰ ਦ੍ਰਿਸ਼ਟਾਂਤ ਅਲੰਕਾਰ ਵਿੱਚ ਇੱਕ ਤੁਕ ਬਿੰਬ ਅਤੇ ਦੂਜੀ ਤੁਕ ਪ੍ਰਤੀਬਿੰਬ ਹੁੰਦੀ ਹੈ। ਨਿਰਦਰਸ਼ਨਾ ਦੀਆਂ ਤੁਕਾਂ ਵਿੱਚ ਗੁਣ ਆਦਿ ਦੀ ਸਮਾਨਤਾ ਹੁੰਦੀ ਹੈ। ਨਿਰਦਰਸ਼ਨਾ ਅਲੰਕਾਰ ਦੋ ਪ੍ਰਕਾਰ ਦਾ ਹੁੰਦਾ ਹੈ। ਇੱਕ ਨੂੰ ਵਾਕ ਅਰਥ ਨਿਰਦਰਸ਼ਨਾ ਅਤੇ ਦੂਜੇ ਨੂੰ ਪਦਾਰਥ ਨਿਰਦਰਸ਼ਨਾ ਆਖਿਆ ਜਾਂਦਾ ਹੈ।

ਅੱਜ ਸਵੇਰੇ ਆਖਿਆ ਲੋਕੀ ਦੇ ਸਰਦਾਰ

ਪੁੱਤਰੋ ਜੱਗ ਵਿੱਚ ਰਹਿੰਦਿਆਂ ਰਹੋ ਕੰਵਲ ਦੇ ਹਾਰ

ਚਿੱਕੜ ਵਿੱਚੋਂ ਉੱਗ ਕੇ ਰਹਿੰਦਾ ਕੰਵਲ ਅਸੰਗ

ਕੁਹਝੀ ਮਿੱਟੀ ਨਾਲ ਉਹ ਜੋੜੇ ਕਦੇ ਨਾ ਅੰਗ (ਅਜ਼ਾਦ, ਪੰਨਾ 78)

ਪਰਿਵ੍ਰਿਤ ਅਲੰਕਾਰ :

ਪ੍ਰਵਿਰਤ ਦਾ ਅਰਥ ਅਦਲ-ਬਦਲ ਹੁੰਦਾ ਹੈ। ਇਸ ਅਲੰਕਾਰ ਵਿੱਚ ਕੁਝ ਦੇ ਕੇ ਉਸਦੇ ਬਦਲੇ ਵਿੱਚ ਕੁਝ ਹਾਸਲ ਕੀਤਾ ਜਾਂਦਾ ਹੈ। ਇਸ ਦੇ ਦੋ ਰੂਪ ਪ੍ਰਮੁੱਖ ਹਨ। ਇੱਕ ਰੂਪ ਵਿੱਚ ਥੋੜੀ ਚੀਜ ਦੇ ਬਦਲੇ ਬਹੁਤੀ ਮਿਲਦੀ ਹੈ। ਦੂਜੇ ਰੂਪ ਵਿੱਚ ਬਹੁਤੀ ਚੀਜ ਦੇ ਕੇ ਉਸਦੇ ਬਦਲੇ ਵਿੱਚ ਥੋੜੀ ਚੀਜ ਮਿਲਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਪਹਿਲੇ ਰੂਪ ਦਾ ਜਿਕਰ ਕਰਦੇ ਹੋਏ ਲਿਖਿਆ ਹੈ ਕਿ

ਜਿੱਥੇ ਥੋੜੀ ਚੀਜ ਲੈ ਕੇ ਉਸਦੇ ਬਦਲੇ ਬਹੁਤੀ ਮਿਲਣ ਦਾ ਵਰਣਨ ਹੋਵੇ, ਉੱਥੇ ਪਰਿਵ੍ਰਿਤ ਅਲੰਕਾਰ ਹੁੰਦਾ ਹੈ।[25]

ਭਾਈ ਰਾਮਾ ਅਤੇ ਭਾਈ ਤਿਲੋਕਾ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਕੇ ਗੁਰੂ ਗੋਬਿੰਦ ਸਿੰਘ ਨੂੰ ਮਿਲਣ ਲਈ ਮਾਲਵੇ ਵੱਲ ਗਏ। ਗੁਰੂ ਜੀ ਨੇ ਉਹਨਾਂ ਨੂੰ ਰਾਜ ਭੋਗਣ ਦਾ ਵਰ ਦਿੱਤਾ। ਉਹਨਾਂ ਦੀ ਸੰਤਾਨ ਪਟਿਆਲਾ ਅਤੇ ਨਾਭਾ ਰਿਆਸਤਾਂ ਦੀ ਹਾਕਮ ਬਣੀ।

ਸਤਿਗੁਰ ਦਿੱਤਾ ਥਾਪੜਾ, ਦਿੱਤੇ ਵਰ ਵਰਦਾਨ
ਤੇਰਾ ਘਰ ਸੋ ਮੇਰਾ ਘਰ, ਕੀਤਾ ਇਹ ਫ਼ੁਰਮਾਨ
ਅੰਸ ਉਹਨਾਂ ਦੀ ਬਣ ਗਈ, ਨਾਭਾ ਤੇ ਪਟਲੇਸ਼
ਅੱਜ ਤੱਕ ਹੈ ਜੋ ਬੋਲਦੀ, ਜੈ ਜੈ ਗੁਰ ਦਸ਼ਮੇਸ਼

(ਤੁਲਸੀ, ਪੰਨਾ 290, 291)

ਪਰਿਵ੍ਰਿਤ ਅਲੰਕਾਰ ਦਾ ਦੂਸਰਾ ਰੂਪ ਬਹੁਤਾ ਦੇ ਕੇ ਥੋੜਾ ਹਾਸਲ ਕਰਨਾ ਹੁੰਦਾ ਹੈ।

ੳ. ਮੌਤ ਮਰੌਣੀ ਮੱਲਿਆ ਮਸਤਕ ਚੁੰਮ ਕੇ,
ਅਰਸ਼ ਕੁਰਸ਼ ਦੇ ਵਾਲੀ ਅੱਜ ਨਿਵਾਜਿਆ
ਸੌ ਵਰ੍ਹਿਆਂ ਦੀ ਘਾਲ ਦੇ ਕੇ ਤਪੀ ਨੇ
ਸਸਤੇ ਮੁੱਲੀਂ ਚੁੰਮਣ ਇੱਕ ਵਿਹਾਜਿਆ (ਸਰਨਾ, ਪੰਨਾ169)

ਸੋਭਾ ਰਾਮ ਨੇ ਗੁਰੁ ਦਰਬਾਰ ਦੀ ਸੇਵਾ ਕੀਤੀ ਪਰ ਉਸਨੂੰ ਬਦਲੇ ਵਿੱਚ ਰਿੱਛ ਦੀ ਜੂਨ ਮਿਲੀ। ਸੋਭਾ ਰਾਮ ਦਾ ਪੁੱਤਰ ਭਾਈ ਕੀਰਤੀਆ ਗੁਰੂ ਦਰਬਾਰ ਦੀ ਸੇਵਾ ਬਦਲੇ ਮਾੜੀਆਂ ਜੂਨਾਂ ਮਿਲਣ ਦੀ ਗੱਲ ਕਰਦਾ ਹੈ।

ੳ. ਰਿੱਛ ਬਣਿਆ ਮੇਰਾ ਪਿਤਾ, ਕੱਲ੍ਹ ਜੇ ਸੇਵਾ ਨਾਲ
ਮੈਂ ਆਪੇ ਬਾਂਦਰ ਬਣੂੰ, ਭਲਕੇ ਜੀਵਨ ਗਾਲ਼ (ਅਜ਼ਾਦ, ਪੰਨਾ 46)

ਅ. ਐਸੀ ਇੱਕੋ ਮੌਤ ਤੋਂ, ਲੱਖ ਜੀਵਨ ਕੁਰਬਾਨ
ਜਿਹੜੀ ਮੌਤ ਦਿਵਾਉਂਦੀ, ਦਰਗਾਹ ਅੰਦਰ ਮਾਣ (ਸਰਨਾ, ਪੰਨਾ 225)

ਪ੍ਰਹ੍ਰਸ਼ਣ ਅਲੰਕਾਰ :

ਪ੍ਰਹਰਸ਼ਣ ਦਾ ਅਰਥ 'ਅਨੰਦ' ਹੁੰਦਾ ਹੈ। ਜਦੋਂ ਮਨ ਦੀ ਇੱਛਾ ਤੋਂ ਜਿਆਦਾ ਪ੍ਰਾਪਤੀ ਹੋਵੇ ਤਾਂ ਪ੍ਰਹਰਸ਼ਣ ਅਲੰਕਾਰ ਹੁੰਦਾ ਹੈ।[26]

ਮੁਕਤਸਰ ਦੇ ਮੈਦਾਨ ਵਿੱਚ ਮਹਾਂ ਸਿੰਘ ਨੇ ਗੁਰੂ ਜੀ ਤੋਂ ਬੇਦਾਵਾ ਪਾੜ ਦੇਣ ਦੀ ਉਮੀਦ ਕੀਤੀ। ਗੁਰੂ ਜੀ ਨੇ ਬੇਦਾਵਾ ਪਾੜ ਦਿੱਤਾ ਅਤੇ ਮਹਾਂ ਸਿੰਘ ਦਾ ਸਿਰ ਆਪਣੀ ਗੋਦ ਵਿੱਚ ਰੱਖ ਕੇ ਉਸਨੂੰ ਅਨੰਦ ਬਖ਼ਸ਼ਿਆ।

ਉਸ ਕੰਡ ਉੱਤੇ ਦੇ ਦੇ ਅੱਜ ਥਾਪੜਾ,
ਜਿਹੜੀ ਅਸਾਂ ਨੇ ਵਿਖਾਈ ਹੈ ਸੀ ਕੰਡ ਜੀ
ਤੇਰੀ ਗੋਦੀ 'ਚ ਅਨੰਦ ਹੈ ਜੋ ਆ ਰਿਹਾ,
ਵਾਰਾਂ ਉਸ ਤੋਂ ਹਜਾਰ ਸੱਚਖੰਡ ਜੀ (ਤੁਲਸੀ, ਪੰਨਾ 257)

ਪ੍ਰਤਿੱਗਿਆ ਅਲੰਕਾਰ :

ਪ੍ਰਤਿੱਗਿਆ ਅਲੰਕਾਰ ਵਿੱਚ ਕੋਈ ਕੰਮ ਕਰਨ ਦਾ ਪ੍ਰਣ ਲਿਆ ਜਾਂਦਾ ਹੈ। ਕੰਮ ਨਾ ਹੋਣ ਦੀ ਸੂਰਤ ਵਿੱਚ ਕਈ ਵਾਰੀ ਆਪਣੇ ਆਪ ਲਈ ਦੰਡ ਚੁਣਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਨੂੰ ਅਨੰਦਪੁਰ ਵਿੱਚੋਂ ਕੱਢਣ ਲਈ ਰਾਜੇ ਭੀਮ ਚੰਦ ਦੇ ਸਾਲੇ ਕੇਸਰੀ ਚੰਦ ਨੇ ਕਸਮ ਖਾਧੀ।

ਯੋਧਾ ਮੇਰਾ ਕੇਸਰੀ, ਸਾਲਾ ਹੈ ਬਲਕਾਰ
ਦੂਰ-ਦੂਰ ਤੱਕ ਓਸਦੀ, ਮੰਨੀ ਹੈ ਤਲਵਾਰ
ਖਾਧੀ ਉਸਨੇ ਕਸਮ ਹੈ, ਸਿਰ ਨਹੀਂ ਬੰਨ੍ਹਣੀ ਪੱਗ
ਜਦ ਤੱਕ ਪੁਰੀ ਅਨੰਦ ਨਾ, ਮੂੰਹੋਂ ਛੱਡੇ ਝੱਗ
ਤਦ ਤੱਕ ਬਸਤਰ ਓਸਨੇ, ਪਾਉਣੇ ਹੈਨ ਸੁਫੈਦ
ਜਦ ਤੱਕ ਹਾਥੀ ਨਾ ਮਿਲੇ, ਗੁਰੂ ਹੋਏ ਨਾ ਕੈਦ
ਤੇਰਾ ਜਦ ਤੱਕ ਟੁੱਟਦਾ, ਗੁਰੂਆ ਨਹੀਂ ਗੁਮਾਨ
ਤਦ ਤੱਕ ਖੱਬੇ ਹੱਥ ਦੇ, ਨਾਲ ਕਰੂੰ ਜਲ-ਪਾਨ (ਤੁਲਸੀ, ਪੰਨਾ 84)

ਪ੍ਰਤਯਨੀਕ ਅਲੰਕਾਰ :

ਪ੍ਰਤਯਨੀਕ ਦਾ ਅਰਥ 'ਪ੍ਰਤੀਕੂਲ' ਹੁੰਦਾ ਹੈ। ਤਾਕਤਵਰ ਵੈਰੀ ਉੱਤੇ ਜਦੋਂ ਕੋਈ ਵੱਸ ਨਾ ਚੱਲੇ ਤਾਂ ਉਸਦੇ ਪੱਖ ਵਾਲੇ ਵਿਅਕਤੀਆਂ ਜਾਂ ਵਸਤੂਆਂ ਦਾ ਨਿਰਾਦਰ ਕਰਨਾ ਪ੍ਰਤਯਨੀਕ ਅਲੰਕਾਰ ਹੁੰਦਾ ਹੈ।

ਸੂਬੇ ਦੇ ਦਰਬਾਰ ਵਿੱਚ, ਦੋ ਸਨ ਖੜੇ ਪਠਾਣ
ਬਾਪ ਜਿੰਨ੍ਹਾਂ ਦਾ ਮਾਰਿਆ, ਸਤਿਗੁਰ ਵਿੱਚ ਮੈਦਾਨ
ਬਦਲਾ ਲੈ ਲਓ ਬਾਪ ਦਾ, ਸੂਬੇ ਕਿਹਾ ਵੰਗਾਰ
ਹੱਥੀਂ ਦੋਵੇਂ ਗਰਦਨਾਂ, ਦੇਵੋ ਤੁਸੀਂ ਉਤਾਰ (ਤੁਲਸੀ, ਪੰਨਾ 216)

ਇਹਨਾਂ ਤੁਕਾਂ ਵਿੱਚ ਗੁਰੂ ਗੋਬਿੰਦ ਸਿੰਘ ਦਾ ਬਦਲਾ ਉਸਦੇ ਛੋਟੇ-ਛੋਟੇ ਬੱਚਿਆਂ ਨੂੰ ਮਾਰ ਕੇ ਲੈਣ ਲਈ ਕਿਹਾ ਗਿਆ ਹੈ।

ਭਾਵਿਕ ਅਲੰਕਾਰ :

ਬੀਤ ਚੁੱਕੇ ਅਤੇ ਆਉਣ ਵਾਲੇ ਸਮੇਂ ਦਾ ਵਰਤਮਾਨ ਸਮੇਂ ਵਿੱਚ ਵਰਣਨ ਕਰਨਾ ਭਾਵਿਕ ਅਲੰਕਾਰ ਹੁੰਦਾ ਹੈ।[27]

ੳ. ਗੁਰੂ ਤੇਗ ਬਹਾਦਰ ਹੋ ਗਏ, ਦਿੱਲੀ ਵਿੱਚ ਸ਼ਹੀਦ
ਪੰਜਾਬ ਹੈ ਬਣਿਆ ਕਰਬਲਾ, ਔਰੰਗਜ਼ੇਬ ਜ਼ਦੀਦ (ਤੁਲਸੀ, ਪੰਨਾ 123)

ਅ. ਇੱਕ ਪੰਗਤ ਵਿੱਚ ਬਿਠਾਂਲ ਕੇ, ਮੈਂ ਇੱਕ ਜਿਹਾ ਵਰਤਾਉਣਾ
ਮੈਂ ਹਿੰਦੂ ਮੁਸਲਿਮ ਸਿੱਖ ਦਾ, ਇੱਕ ਸੰਗਮ ਨਵਾਂ ਬਣਾਉਣਾ
ਮੈਂ ਭੀਖਣ ਸ਼ਾਹ ਦੇ ਖ਼ਾਬ ਨੂੰ,, ਹੈ ਪੂਰਾ ਤੋੜ ਚੜ੍ਹਾਉਣਾ
ਮੈਂ ਬੁੱਧੂ ਸ਼ਾਹ ਜਹੇ ਪੀਰ ਨੂੰ, ਮੈਂ ਆਰਫ਼ ਨੂੰ ਵਡਿਆਉਣਾ
(ਤੁਲਸੀ, ਪੰਨਾ 125)

ੲ. ਉਹ ਗੰਗਾ ਵਾਂਗ ਪਵਿੱਤਰ ਸੀ
ਉਹ ਹਰ ਦੁਖੀਏ ਦਾ ਮਿੱਤਰ ਸੀ
ਉਹ ਚੰਨ ਦੇ ਵਾਕੁਰ ਸੀਤਲ ਸੀ
ਇੱਕ ਸ਼ਾਂਤ ਸਮੁੰਦਰ ਉਜਵਲ ਸੀ (ਹਸਰਤ, ਪੰਨਾ 43)

ਭ੍ਰਾਂਤੀ ਅਲੰਕਾਰ :

ਭ੍ਰਾਂਤੀ ਦਾ ਅਰਥ ਭੁਲੇਖਾ ਹੁੰਦਾ ਹੈ। ਕਿਸੇ ਇੱਕ ਵਸਤੂ ਦੇ ਸਮਾਨ ਦੂਜੀ ਵਸਤੂ ਨੂੰ ਮੰਨ ਲੈਣਾ ਭ੍ਰਾਂਤੀ ਅਲੰਕਾਰ ਹੁੰਦਾ ਹੈ।

ੳ. ਇੱਕ ਦਿਨ ਲਾਸ਼ਾਂ ਦੇ ਇਸ ਬਿਓਪਾਰ ਦੇ ਵਿੱਚ ਬਾਦਸ਼ਾਹ,
ਭੁੱਲ-ਭੁਲਾ ਕੇ ਆਪਣੀ ਵੀ ਵੇਚ ਦੇਣੀ ਲਾਸ਼ ਹੈ (ਤੁਲਸੀ, ਪੰਨਾ 67)

ਅ. ਸੰਤ ਸਿੰਘ ਦੇ ਸੀਸ ਤੇ, ਸੱਜੀ ਕਲਗੀ ਵੇਖ
ਦੌੜੇ ਮੁਗਲ ਪਠਾਣ ਸੀ, ਰੰਗੜ ਨਾਲੇ ਸ਼ੇਖ਼
ਐਲੀ-ਐਲੀ ਕੂਕਦੇ, ਦੁਸ਼ਮਣ ਸ਼ੋਰ ਮਚਾਣ
ਹੱਥ ਗੁਰੂ ਹੈ ਆ ਗਿਆ, ਖੁਸ਼ੀਆਂ ਪਏ ਮਨਾਣ (ਤੁਲਸੀ, ਪੰਨਾ 196)

ਪੈਂਦਾ ਖਾਨ ਪਠਾਣ ਗੁਰੂ ਦੀ ਜੰਗੀ ਤਾਕਤ ਸਬੰਧੀ ਭੁਲੇਖੇ ਵਿੱਚ ਸੀ। ਉਸਨੇ ਗੁਰੂ ਜੀ ਨੂੰ ਮਾਮੂਲੀ ਯੋਧਾ ਸਮਝਿਆ ਸੀ। ਉਹ ਆਪਣੀ ਜਿੱਤ ਯਕੀਨੀ ਸਮਝਦਾ ਸੀ।

ਵੇਖ ਗੁਰੁ ਨੂੰ ਜਾਣਿਆ, ਉਸ ਹਾਰੀ ਸਾਰੀ
ਬਾਜੀ ਉਸਨੇ ਸਮਝਿਆ, ਮਾਰੀ ਕਿ ਮਾਰੀ (ਸਰਨਾ, ਪੰਨਾ 313)

ਚਮਕੌਰ ਦੇ ਯੁੱਧ ਵਿੱਚ ਮੁਗਲਾਂ ਨੇ ਸ਼ਹੀਦ ਹੋਏ ਸੰਤ ਸਿੰਘ ਨੂੰ ਗੁਰੂ ਗੋਬਿੰਦ ਸਮਝ ਲਿਆ ਅਤੇ ਖੁਸ਼ੀ ਮਨਾਉਣ ਲੱਗ ਪਏ।

ੳ. ਸੰਤ ਸਿੰਘ ਦਾ ਸੀਸ, ਨੇਜੇ ਟੁੰਗ ਕੇ
ਨੱਚੇ ਮੁਗਲ ਪਠਾਣ ,ਗਿੱਧਾ ਪਾ ਕੇ
ਕੀਤਾ ਗੁਰੂ ਸ਼ਹੀਦ, ਉਹਨਾਂ ਜਾਣਿਆ (ਸਰਨਾ, ਪੰਨਾ 438)

ਅ. ਸੰਤ ਸਿੰਘ ਦੇ ਸੀਸ ਤੇ, ਕਲਗੀ ਵੇਖੀ ਜਾਣ
ਸੋਨ ਮੁੱਠ ਤਲਵਾਰ 'ਤੇ, ਵੇਖੇ ਤੀਰ ਕਮਾਨ
ਜਿਸਮ ਸੁਡੌਲ ਤੇ ਮੁੱਖੜਾ, ਗੋਬਿੰਦ ਜਹੀ ਪਛਾਣ
ਮਾਰ ਲਿਆ ਹੈ ਗੁਰੂ ਨੂੰ, ਸੱਭੇ ਆਖ ਸੁਣਾਣ (ਰਾਏ, ਪੰਨਾ 196)

ੲ. ਸੰਤ ਸਿੰਘ ਗੁਰਾਂ ਨਾਲ ,ਕੁਝ-ਕੁਝ ਮੇਲ ਖਾਵੇ,
ਸੀਸ ਉਹਦੇ ਉੱਤੇ ਸੋਹੇ, ਕਲਗੀ ਅਨਾਮ ਜੀ
ਕੁਝ ਦਿਨ ਰਹੇ ਸੀ, ਭੁਲੇਖੇ ਵਿੱਚ ਮੁਗਲ ਸਾਰੇ,
ਗੁਰੂ ਉਹਨਾਂ ਮਾਰ ਲਿਆ, ਜੰਗ ਦੇ ਮੈਦਾਨ ਜੀ (ਹਸਰਤ, ਪੰਨਾ 96)

ਮੀਲਿਤ ਅਲੰਕਾਰ :

ਮੀਲਿਤ ਦਾ ਅਰਥ 'ਮਿਲਵਾਂ' ਹੁੰਦਾ ਹੈ। ਜਿੱਥੇ ਸਮਾਨ ਗੁਣ ਵਾਲੀਆਂ ਵਸਤੂਆਂ ਇੱਕ ਦੂਜੀ ਨਾਲ ਅਭੇਦ ਹੋ ਜਾਣ, ਉੱਥੇ ਮੀਲਿਤ ਅਲੰਕਾਰ ਹੁੰਦਾ ਹੈ। ਦੋਹਾਂ ਵਸਤੂਆਂ ਦੀ ਸਮਾਨਤਾ ਕਦੇ ਸਧਾਰਨ ਹੁੰਦੀ ਹੈ ਅਤੇ ਕਦੇ ਕਾਰਨ ਤੋਂ ਉਤਪੰਨ ਹੁੰਦੀ ਹੈ। ਇਸੇ ਅਧਾਰ 'ਤੇ ਮੀਲਿਤ ਅਲੰਕਾਰ ਦੇ ਦੋ ਭੇਦ ਮੰਨੇ ਗਏ ਹਨ।[28]

ੳ. ਅੱਜ ਦਵੈ ਤੋਂ ਹੋ ਗਿਆ, ਇੱਕੋ ਰੂਪ ਸਰੂਪ
ਚਾਨਣ ਦਾ ਹੜ੍ਹ ਆ ਗਿਆ, ਭਰ ਗਏ ਅੰਧਲੇ ਕੂਪ (ਤੁਲਸੀ, ਪੰਨਾ 19)

ਅ. ਜਦ ਜੋਤੀ ਜੋਤ ਸਮਾਏ ਗੁਰੂ
ਤਾਂ ਰਾਜ ਖ਼ਾਲਸਾ ਹੋਏ ਸ਼ੁਰੂ (ਹਸਰਤ, ਪੰਨਾ 139)

ੲ. ਸੱਚ ਖੰਡ ਵਿੱਚ ਪਹੁੰਚ ਗਏ, ਸਾਹਿਬ ਸ੍ਰੀ ਹਜ਼ੂਰ
ਜੋਤ ਮਿਲੀ ਮਹਾਂ ਜੋਤ ਸੰਗ, ਨੂਰ ਹੋਇਆ ਮਹਾਂਨੂਰ (ਰਾਏ, ਪੰਨਾ 290)

ਯਮਕ ਅਲੰਕਾਰ :

ਜਦੋਂ ਕਾਵਿ ਵਿੱਚ ਇੱਕ ਸ਼ਬਦ ਵਾਰ-ਵਾਰ ਆਵੇ ਪਰ ਉਸਦੇ ਅਰਥ ਭਿੰਨ-ਭਿੰਨ ਹੋਣ ਤਾਂ ਯਮਕ ਅਲੰਕਾਰ ਹੁੰਦਾ ਹੈ।[29]

ਕੰਘਾ ਤੇਰਾ ਵੇਖ ਕੇ, ਯਾਦ ਕਰੂੰ ਬਖ਼ਸ਼ਿੰਦ

ਕੀਤਾ ਐਡੀ ਫੌਜ ਦਾ, ਕੰਘਾ ਕਿੰਜ ਗੋਬਿੰਦ (ਤੁਲਸੀ, ਪੰਨਾ 109)

ਪਹਿਲੀ ਤੁਕ ਵਿੱਚ 'ਕੰਘਾ' ਤੋਂ ਭਾਵ 'ਸਿਰ ਵਾਹੁਣ ਵਾਲਾ ਯੰਤਰ' ਹੈ। ਦੂਜੀ ਤੁਕ ਵਿੱਚ ਕੰਘਾ ਤੋਂ ਭਾਵ 'ਘਾਣ ਕਰਨਾ' ਹੈ।

ਗੈਰਤ ਖਾਂ ਫਿਰ ਵਧਿਆ, ਗੈਰਤ ਵਿੱਚ ਆ ਕੇ (ਰਾਏ, ਪੰਨਾ 189)

ਉਪਰੋਕਤ ਤੁਕ ਵਿੱਚ 'ਗੈਰਤ' ਸ਼ਬਦ ਦੋ ਵਾਰੀ ਆਇਆ ਹੈ। ਪਹਿਲੀ ਵਾਰੀ 'ਵਿਅਕਤੀ ਵਾਚਕ ਨਾਂਵ' ਹੈ ਅਤੇ ਦੂਜੀ ਵਾਰੀ 'ਭਾਵ ਵਾਚਕ' ਨਾਂਵ ਹੈ।

ਮਾਤਾ ਗੁਜਰੀ ਕਿੰਜ ਸੀ ਗੁਜਰੀ, ਇਹ ਗਾਥਾ ਵੀ ਅਜ਼ਬ ਤਰ੍ਹਾਂ ਦੀ

(ਹਸਰਤ, ਪੰਨਾ 127)

ਪਹਿਲੀ ਵਾਰੀ 'ਗੁਜਰੀ' ਸ਼ਬਦ 'ਵਿਅਕਤੀ ਵਾਚਕ ਨਾਂਵ' ਹੈ। ਦੂਜੀ ਵਾਰੀ ਦਾ 'ਗੁਜਰੀ' ਸ਼ਬਦ 'ਕ੍ਰਿਆ ਰੂਪ' ਹੈ।

ਰੂਪਕ ਅਲੰਕਾਰ :

ਰੂਪਕ ਅਲੰਕਾਰ ਵਿੱਚ ਉਪਮੇਅ ਅਤੇ ਉਪਮਾਨ ਇੱਕ-ਮਿੱਕ ਕਰ ਦਿੱਤੇ ਜਾਂਦੇ ਹਨ। ਸਾਂਝਾ ਧਰਮ ਅਤੇ ਵਾਚਕ ਸ਼ਬਦ ਦੀ ਲੋੜ ਨਹੀਂ ਰਹਿੰਦੀ। ਉਪਮੇਅ ਅਤੇ ਉਪਮਾਨ ਸਰੂਪ ਜਾਂ ਗੁਣ ਕਰਕੇ ਇੱਕ ਰੂਪ ਧਾਰਨ ਕਰ ਲੈਂਦੇ ਹਨ। ਰੂਪਕ ਅਲੰਕਾਰ ਦੋ ਪ੍ਰਕਾਰ ਦਾ ਹੁੰਦਾ ਹੈ। ਇੱਕ ਨੂੰ ਤਦਰੂਪ ਅਤੇ ਦੂਸਰੇ ਨੂੰ ਅਭੇਦ ਰੂਪਕ ਆਖਿਆ ਜਾਂਦਾ ਹੈ। ਤਦਰੂਪ ਰੂਪਕ ਵਿੱਚ ਉਪਮੇਅ ਅਤੇ ਉਪਮਾਨ ਦੇ ਵਿੱਚਕਾਰ ਸਬੰਧਕ ਹੁੰਦਾ ਹੈ। ਅਭੇਦ ਰੂਪਕ ਵਿੱਚ ਸਬੰਧਕ ਦੀ ਲੋੜ ਨਹੀਂ ਹੁੰਦੀ।

ਮਿੱਝ ਦਿਆਂ ਗਾਰਿਆਂ 'ਚ, ਘਾਣੀਆਂ ਦੇ ਘਾਣ ਲੱਥੇ,
ਬਾਲਿਆਂ ਦੇ ਵਾਂਗ ਉੱਥੇ, ਟੁੱਟੀਆਂ ਸੀ ਹੱਡੀਆਂ (ਤੁਲਸੀ, ਪੰਨਾ 167)

ਇਸ ਉਦਾਹਰਣ ਵਿੱਚ 'ਮਿੱਝ' ਅਤੇ 'ਗਾਰਾ' ਇੱਕ-ਮਿੱਕ ਕਰ ਦਿੱਤੇ ਗਏ ਹਨ। ਦੋਹਾਂ ਵਿਚਕਾਰ 'ਦਿਆਂ' ਸਬੰਧਕ ਹੈ, ਇਸ ਲਈ ਇਹ 'ਤਦਰੂਪ ਰੂਪਕ ਅਲੰਕਾਰ' ਹੈ।

ਅੱਜ ਤੋਂ ਮਹਿਬੂਬ ਮੇਰੀ ਕਲਮ ਤੇ ਤਲਵਾਰ ਹੈ

(ਤੁਲਸੀ, ਪੰਨਾ 69)

ਕਲਮ ਅਤੇ ਤਲਵਾਰ ਨੂੰ ਮਹਿਬੂਬ ਨਾਲ ਇੱਕ-ਮਿੱਕ ਕਰ ਦਿੱਤਾ ਗਿਆ ਹੈ। ਇਹ ਅਭੇਦ ਰੂਪਕ ਹੈ।

ਢਹਿੰਦੀ ਕਲਾ ਨਿਰਾਸ਼ਤਾ, ਦੇ ਪ੍ਰਬਤ ਬਲਵਾਨ
ਨਾਲੋਂ ਵੱਧ ਹੈ ਆਸ ਦਾ, ਕਿਣਕਾ ਸ਼ਕਤੀਮਾਨ (ਸਰਨਾ, ਪੰਨਾ 116)

ਢਹਿੰਦੀ ਕਲਾ ਅਤੇ ਨਿਰਾਸ਼ਤਾ ਨੂੰ ਬਲਵਾਨ ਪ੍ਰਬਤਾਂ ਨਾਲ ਇੱਕ-ਮਿੱਕ ਕੀਤਾ ਗਿਆ ਹੈ। ਉਪਮੇਅ ਅਤੇ ਉਪਮਾਨ ਵਿਚਕਾਰ ਸਬੰਧਕ 'ਦੇ' ਹੋਣ ਕਾਰਨ ਇਹ ਤਦਰੂਪ ਰੂਪਕ ਅਲੰਕਾਰ ਹੈ।

ਸਤਿਗੁਰ ਅਰਜਣ ਦੇਵ ਸੀ, ਪੰਜਵਾਂ ਗੁਰੂ ਮਹਾਨ
ਰਵਾਦਾਰੀ ਦਾ ਚੰਦਰਮਾ, ਸ਼ਾਂਤ ਮਈ ਦਾ ਭਾਨ

(ਸਰਨਾ, ਪੰਨਾ 150)

ਉਪਰੋਕਤ ਤੁਕਾਂ ਵਿੱਚ ਗੁਰੂ ਅਰਜਣ ਦੇਵ ਦੇ ਸੁਭਾਅ ਨੂੰ ਸੂਰਜ ਅਤੇ ਚੰਦਰਮਾ ਨਾਲ ਜੋੜਿਆ ਗਿਆ ਹੈ। ਉਹਨਾਂ ਦੀ ਰਵਾਦਾਰੀ ਚੰਦਰਮਾ ਸਮਾਨ ਅਤੇ ਸ਼ਾਂਤੀ ਸੂਰਜ ਸਮਾਨ ਸੀ।

ਦਰਸ ਕੰਵਲ ਮਕਰੰਦ ਨੂੰ, ਪੀ ਜਾਏ ਇੱਕੋ ਡੀਕ (ਰਾਏ, ਪੰਨਾ 87)
ਕੋਮਲ ਫੁੱਲ ਮਲੂਕੜੇ, ਗਏ ਸਵਰਗ ਸਿਧਾਰ (ਰਾਏ, ਪੰਨਾ 215)

ਲਲਿਤ ਅਲੰਕਾਰ :

ਜੋ ਗੱਲ ਕਹਿਣੀ ਹੈ ਉਸ ਦੀ ਥਾਂ ਉਸਦਾ ਪ੍ਰਤੀਬਿੰਬ ਵਰਣਨ ਕਰੀਏ ਤਾਂ ਲਲਿਤ ਅਲੰਕਾਰ ਹੁੰਦਾ ਹੈ। ਇਸ ਵਿੱਚ ਕਹਿਣ ਵਾਲੀ ਗੱਲ ਦੀ ਝਲਕ ਪਾਈ ਜਾਂਦੀ ਹੈ।[30]

ੳ. ਲਓ ਜੀ ਵੇਖੋ ਤੁਰ ਪਏ, ਦਸ਼ਮੇਸ਼ ਦੇ ਲਾੜੇ
ਚੜ੍ਹਤਾਂ ਵੇਖ ਸ਼ਰੀਕਿਆਂ, ਵਿੱਚ ਪੈ ਗਏ ਸਾੜੇ
ਲਓ ਜੀ ਵੇਖੋ ਸਹੁਰਿਆਂ, ਦਾ ਪਿੰਡ ਹੈ ਆਇਆ
ਦੋਹਾਂ ਧਿਰਾਂ ਦਾ ਗੁਰੂ ਨੇ, ਹੈ ਮੇਲ ਮਿਲਾਇਆ
ਔਧਰ ਮਿਲਣੀ ਵਾਸਤੇ, ਨੇ ਲੱਖਾਂ ਫੌਜੀ
ਐਧਰ ਵੀਹ-ਵੀਹ ਸਿੱਖ ਨੇ, ਤੇ ਦੋ ਮਨ-ਮੌਜੀ

(ਤੁਲਸੀ, ਪੰਨਾ 188, 189)

ਅ. ਖੂਹ ਅੰਨ੍ਹੇ ਤਦ ਵਕਤ ਦੇ, ਢਾਹੁੰਦੇ ਨਿਰਮਲ ਹੜ੍ਹ
ਕੈਦ ਚੌਰਾਸੀ ਤੋੜਦੇ, ਗਗਨ ਅਜ਼ਾਦ ਦੇ ਪਰ
ਸੀ ਪੂਰਨ ਪ੍ਰਕਾਸ਼ ਦੀ, ਦਰਗਾਹਾਂ ਤੱਕ ਜੈ
ਪੂਰਨ ਜਿੱਤ ਦਾ ਵਲਵਲਾ, ਪੂਰਨ ਜਿੱਤ ਦੀ ਲੈਅ

(ਮਹਿਬੂਬ, ਪੰਨਾ 431,432)

ੲ. ਹੈ ਮੀਂਹ ਵਰ੍ਹਿਆ ਅੰਗਿਆਰਾਂ ਦਾ
ਤੀਰਾਂ ਦਾ ਤੇ ਤਲਵਾਰਾਂ ਦਾ
ਕਈ ਦਿਨ ਸਰਹੰਦ 'ਤੇ ਧੁੰਦ ਪਈ
ਦਿੱਸੀ ਨਾ ਸੂਰਜ ਦੀ ਟਿੱਕੀ
ਹਰ ਪਾਸੇ ਜਾਪੇ ਨੇਰ੍ਹ-ਨੇਰ੍ਹ
ਤੇ ਖੂਨ ਦੇ ਦਿਸਣ ਢੇਰ ਢੇਰ (ਹਸਰਤ, ਪੰਨਾ 102)

ਲਕੋਕਤੀ ਅਲੰਕਾਰ :

ਲਕੋਕਤੀ ਦਾ ਅਰਥ ਹੈ 'ਲੋਕਾਂ ਦੀ ਉਕਤੀ'। ਇਸਨੂੰ 'ਅਖਾਣ' ਵੀ ਆਖਿਆ ਜਾਂਦਾ ਹੈ। ਜਦੋਂ ਸਾਹਿਤਕਾਰ ਆਪਣੀ ਰਚਨਾ ਵਿੱਚ ਅਖਾਣਾਂ ਨੂੰ ਉਚਿੱਤ ਮੌਕੇ ਉੱਤੇ ਵਰਤੇ ਤਾਂ ਲਕੋਕਤੀ ਅਲੰਕਾਰ ਹੁੰਦਾ ਹੈ।

ੳ. ਜੇ ਕੁੱਤਾ ਰਾਜ ਬਹਾਲੀਐ, ਉਹ ਮੁੜ-ਮੁੜ ਚੱਟਦੈ ਚੱਕੀਆਂ
ਤੂੰ ਸਿੰਮਲ ਰੁੱਖ ਹੈਂ ਮੂਰਖਾ, ਫ਼ਲ ਕਲੀਆਂ ਨੇ ਬੱਕਬੱਕੀਆਂ
ਅੱਜ ਸ਼ੇਰ ਬੱਬਰ ਨੂੰ ਦੇ ਰਿਹਾਂ, ਤੂੰ ਗਿੱਦੜਾ ਗਿੱਦੜ ਭਬਕੀਆਂ

(ਤੁਲਸੀ, ਪੰਨਾ 51)

ਅ. ਇਹ ਜੋ ਆਏ ਪਠਾਣ, ਨੇ ਕਲਗੀ ਵਾਲਿਆ
ਇਹਨਾਂ ਨਾਗਾਂ ਨੂੰ ਮੈਂ, ਦੁੱਧ ਪਿਆਲਿਆ

(ਤੁਲਸੀ, ਪੰਨਾ 99)

ੲ. ਚਲਦੀ ਇੱਕ ਸਰਾਂ ਹੈ, ਇਹ ਦੁਨੀਆਂ ਸੋਹਣੀ
ਤੇ ਹਰ ਜਿੰਦ ਪ੍ਰਾਹੁਣੀ, ਹੈ ਕੁਝ ਘੜੀਆਂ ਦੀ

(ਸਰਨਾ, ਪੰਨਾ 143)

ਵਿਸ਼ੇਸ਼ੋਕਤੀ ਅਲੰਕਾਰ :

ਜਿੱਥੇ ਕਾਰਨ ਦੇ ਮੌਜੂਦ ਹੁੰਦਿਆਂ ਹੋਇਆਂ ਵੀ ਕਾਰਜ ਨਾ ਹੋਵੇ ਤਾਂ ਵਿਸ਼ੇਸ਼ੋਕਤੀ ਅਲੰਕਾਰ ਹੁੰਦਾ ਹੈ।

ੳ. ਐਸੀ ਚਾੜ੍ਹੀ ਓਸ ਨੇ, ਮੈਨੂੰ ਨਾਮ ਖੁਮਾਰੀ
ਸੀਸ ਉਤਾਰਨ ਨਾਲ ਵੀ, ਨਾ ਜਾਊ ਉਤਾਰੀ

(ਤੁਲਸੀ, ਪੰਨਾ 186)

ਅ. ਪੂਜੇ ਦੇਵੀ ਦੇਵਤੇ, ਮੰਨਤਾਂ ਮੰਨੀਆਂ ਢੇਰ
ਅਠਸਠ ਤੀਰਥ ਯਾਤਰਾ, ਕੀਤੀ ਕਿੰਨੀ ਵੇਰ
ਪਰ ਨਾ ਕੋਈ ਬਹੁੜਿਆ, ਪੁੱਛੀ ਕਿਸੇ ਨਾ ਵਾਤ
ਝੋਲੀ ਮੇਰੀ ਪਾਈ ਨਾ, ਪੁੱਤਰ ਵਾਲੀ ਦਾਤ (ਸਰਨਾ, ਪੰਨਾ 114)

ੲ. ਸੌ ਵਰ੍ਹਿਆਂ ਦੀ ਸਾਧਨਾ, ਦਿੱਤੀ ਲੇਖੇ ਲਾ
ਪਰ ਨਹੀਂ ਉਹਦੀ ਦੀਦ ਦਾ, ਵੱਜਾ ਇੱਕ ਝਲਕਾ (ਸਰਨਾ, ਪੰਨਾ 119)

ਸ. ਏਦਾਂ ਸਿਮਰਨ ਕਰਦਿਆਂ, ਬੀਤੇ ਕਿੰਨੇ ਸਾਲ
ਲੰਘੇ ਕਈ ਹੁਨਾਲ ਤੇ, ਲੰਘੇ ਕਈ ਸਿਆਲ

ਪਰ ਨਾ ਮੇਰੀ ਸਾਧਨਾ, ਪੁੱਜੀ ਕਿਸੇ ਪੜਾਅ
ਵੱਜਣਾ ਇੱਕ ਪਾਸੇ ਰਿਹਾ, ਮੰਜਲ ਦਾ ਝਲਕਾ (ਸਰਨਾ, ਪੰਨਾ 121)

ਪਹਿਲੀ ਉਦਾਹਰਣ ਵਿੱਚ ਸੀਸ ਉਤਾਰਨ ਨਾਲ ਵੀ ਨਾਮ ਦੀ ਖੁਮਾਰੀ ਨਹੀਂ ਉੱਤਰਦੀ। ਕਾਰਨ (ਸਿਰ ਉਤਰਨਾ) ਮੌਜੂਦ ਹੈ, ਪਰ ਕਾਰਜ (ਨਾਮ ਦੀ ਖੁਮਾਰੀ ਦਾ ਉਤਰਨਾ) ਨਹੀਂ ਹੋਇਆ, ਇਸ ਲਈ ਵਿਸ਼ੇਸ਼ੋਕਤੀ ਅਲੰਕਾਰ ਬਣਦਾ ਹੈ। ਦੂਜੇ ਉਦਾਹਰਣ ਵਿੱਚ ਪੁੱਤਰ ਦੀ ਪ੍ਰਾਪਤੀ ਲਈ ਅਨੇਕਾਂ ਉਪਾਅ ਕੀਤੇ ਗਏ, ਪਰ ਪੁੱਤਰ ਨਾ ਹੋਇਆ।

ਵਕ੍ਰੋਕਤੀ ਅਲੰਕਾਰ :

ਵਕ੍ਰੋਕਤੀ ਦਾ ਅਰਥ ਹੈ- ਵਿੰਗਾ ਟੇਢਾ ਕਥਨ। ਜਿੱਥੇ ਗੱਲ ਸਿੱਧੀ ਕੀਤੀ ਜਾਏ ਪਰ ਉਸਦਾ ਅਰਥ ਟੇਢਾ (ਕੋਈ ਹੋਰ) ਨਿਕਲੇ ਤਾਂ ਵਕ੍ਰੋਕਤੀ ਅਲੰਕਾਰ ਹੁੰਦਾ ਹੈ। ਇਹ ਅਲੰਕਾਰ ਅਕਸਰ ਤਾਨ੍ਹਾ ਮਾਰਨ ਲਈ ਵਰਤਿਆ ਜਾਂਦਾ ਹੈ।

ਸਿੱਖਾਂ ਨੇ ਮਸੰਦਾਂ ਨੂੰ ਸਜਾ ਦੇਣ ਲਈ ਫੜ ਲਿਆ ਅਤੇ ਉਹਨਾਂ ਨੂੰ ਵਡੇਰੀ ਸਜਾ ਦੀ ਚਿਤਾਵਨੀ (ਟੇਢੇ ਢੰਗ ਨਾਲ) ਦਿੱਤੀ।

ਪਰ ਸਿੱਖਾਂ ਆ ਨੱਪ ਲਏ, ਕੁੱਟ ਬਣਾਏ ਮੁੰਜ
ਹੱਸ ਆਖਣ ਲੱਥਣੀ, ਅੱਜ ਤੁਹਾਡੀ ਕੁੰਜ (ਅਜ਼ਾਦ, ਪੰਨਾ 53)

ਵਿਕਲਪ ਅਲੰਕਾਰ :

ਵਿਕਲਪ ਅਲੰਕਾਰ ਵਿੱਚ ਚੋਣ ਕੀਤੀ ਜਾਂਦੀ ਹੈ ਜਾਂ ਚੋਣ ਦਿੱਤੀ ਜਾਂਦੀ ਹੈ। ਚੋਣ ਕਰਨ ਲਈ ਦੋ ਜਾਂ ਦੋ ਤੋਂ ਵਧੇਰੇ ਤੱਥ ਦਿੱਤੇ ਹੁੰਦੇ ਹਨ।

ੳ. ਅਸੀਂ ਸਵਾਗਤ ਵਾਸਤੇ, ਬਿਲਕੁਲ ਖੜੇ ਤਿਆਰ
ਭਾਵੇਂ ਆ ਜਾਓ ਸੋਮ ਨੂੰ, ਭਾਵੇਂ ਮੰਗਲਵਾਰ (ਤੁਲਸੀ, ਪੰਨਾ 86)

ਅ. ਧਰਤੀ ਹੈ ਪਈ ਜਾਗਦੀ, ਜਾਂ ਕਿ ਸੁੱਤੀ ਘੂਕ
ਵਹਿਮਾਂ ਭਰਮਾਂ ਨਾਲ ਹਨ, ਚਿਹਰੇ ਪੀਲੇ ਭੂਕ (ਤੁਲਸੀ, ਪੰਨਾ 117)

ੲ. ਮਨ ਵਿੱਚ ਸੋਚਾਂ ਸੋਚਦਾ, ਸੋਚ ਕੇ ਹੰਭਿਆ
ਜੋਗੀ ਹੈ ਸ਼ਹਿਜ਼ਾਦਾ ਹੈ, ਜਾਂ ਹਾਣੀ ਸੂਰਜ ਦਾ (ਸਰਨਾ, ਪੰਨਾ 36)

ਸ. ਕੀ ਮਨਜ਼ੂਰ ਜ਼ਨਾਬ ਨੂੰ ਆਉਣਾ ਵਿੱਚ ਇਸਲਾਮ
ਜਾਂ ਫਿਰ ਹਾਜਰ ਕਰਾਂ ਮੈਂ ਮੌਤ ਦੰਡ ਦਾ ਜਾਮ (ਸਰਨਾ, ਪੰਨਾ 103)

ਹ. ਜਾਂ ਤਾਂ ਦੇਵੀ ਦੇਵਤੇ, ਹਨ ਅਸਲੋਂ ਬਲਹੀਨ
ਜਾਂ ਮਨੁੱਖੀ ਕਲਪਨਾ, ਦੇ ਮਨ ਘੜਤ ਯਕੀਨ (ਸਰਨਾ, ਪੰਨਾ 115)

ਕ. ਮੌਤ ਅਤੇ ਇਸਲਾਮ ’ਚੋਂ, ਹੁਣ ਇੱਕ ਨੂੰ ਚੁਣ ਲਓ

ਬੋਲੋ ਕੀ ਮਨਜ਼ੂਰ ਹੈ, ਗੱਲ ਵਾਹਦ ਸੁਣ ਲਓ (ਰਾਏ, ਪੰਨਾ 213)

ਵਿਰੋਧ ਅਲੰਕਾਰ :

ਵਿਰੋਧ ਅਲੰਕਾਰ ਵਿੱਚ ਕਿਸੇ ਵਸਤੂ ਜਾਂ ਗੁਣ ਤੋਂ ਉਲਟਾ ਫਲ ਪ੍ਰਾਪਤ ਹੁੰਦਾ ਹੈ।[31] ਜੇਕਰ ਰਚਨਾ ਵਿੱਚ ਵਿਰੋਧ ਨਾ ਹੋਵੇ ਪਰ ਵਿਰੋਧ ਜਾਪੇ ਤਾਂ ਇਸਨੂੰ 'ਵਿਰੋਧਾਭਾਸ ਅਲੰਕਾਰ' ਕਿਹਾ ਜਾਂਦਾ ਹੈ।

ਭਾਈ ਕਨ੍ਹੱਈਆ ਦਾ ਦੁਸ਼ਮਣਾਂ ਨੂੰ ਪਾਣੀ ਪਿਆਉਣਾ ਵਿਰੋਧਾ ਅਲੰਕਾਰ ਸਿੱਧ ਕਰਦਾ ਹੈ।

ਦੁਸ਼ਮਣ ਤਾਈਂ ਪਿਲਾ ਰਿਹਾ, ਪਾਣੀ ਵਿੱਚ ਮੈਦਾਨ
ਹੱਲਾ ਬੋਲਿਆ ਜਿੰਨ੍ਹਾਂ ਨੇ, ਪੁਰੀ ਅਨੰਦ ਸਥਾਨ (ਰਾਏ, ਪੰਨਾ 177)

ਵਿਆਘਾਤ ਅਲੰਕਾਰ :

ਜਿਸ ਘਟਨਾ ਜਾਂ ਜਿਸ ਉਪਾਅ ਨਾਲ ਕੋਈ ਕਾਰਜ ਸਿੱਧ ਹੋਣਾ ਹੈ, ਉਸੇ ਉਪਾਅ ਨਾਲ ਉਸਤੋਂ ਉਲਟ ਕੰਮ ਹੋਵੇ ਤਾਂ ਵਿਆਘਾਤ ਅਲੰਕਾਰ ਹੁੰਦਾ ਹੈ।

ਹਾਕਮਾਂ ਦਾ ਕੰਮ ਜਨਤਾ ਨੂੰ ਸੁੱਖ-ਸ਼ਾਂਤੀ ਦੇਣਾ ਹੁੰਦਾ ਹੈ, ਪਰ ਮੁਗਲ ਹਾਕਮਾਂ ਨੇ ਹਿੰਦੂ ਜਨਤਾ ਨੂੰ ਦੁੱਖ ਦਿੱਤੇ।

ਗਵਰਨਰ ਕਸ਼ਮੀਰ ਦੇ, ਚੁੱਕੀ ਐਸੀ ਅੱਤ
ਵੀਟੀ ਗਊ ਗਰੀਬ ਦੀ, ਏਦਾਂ ਉਹਨੇ ਰੱਤ
ਕੀਤਾ ਬ੍ਰਾਹਮਣ ਵਾਦ ਦਾ, ਏਦਾਂ ਉਹਨੇ ਘਾਣ
ਟੁਕੜੀ ਇਹ ਸਵਰਗ ਦੀ, ਹੋਈ ਲਹੂ ਲੁਹਾਨ (ਸਰਨਾ, ਪੰਨਾ 80)

ਛੇਵੇਂ ਗੁਰੂ ਦੇ ਦਰਸ਼ਨ ਕਰਕੇ ਕੌਲਾਂ ਨਿਹਾਲ ਹੋ ਗਈ। ਉਸਨੇ ਆਪਣੇ ਬਾਪ ਕੋਲ ਗੁਰੂ ਦੇ ਪੈਗੰਬਰ ਹੋਣ ਦੀ ਗੱਲ ਕਹੀ। ਉਸਦਾ ਬਾਪ (ਰੁਸਤਮ ਖਾਂ) ਸ਼ਰਧਾ ਦੀ ਥਾਂ ਗੁੱਸੇ ਨਾਲ ਭਰ ਗਿਆ।

ਅਰਸ਼ਾਂ ਦਾ ਸੁਲਤਾਨ ਹੈ, ਸਤਿਗੁਰ ਹਰਗੋਬਿੰਦ
ਵਾਲੀ ਦੋ ਜਹਾਨ ਹੈ, ਸਤਿਗੁਰ ਹਰਗੋਬਿੰਦ
ਅੱਗ ਬਗੋਲਾ ਹੋ ਗਿਆ, ਸੁਣ ਕੇ ਰੁਸਤਮ ਖਾਨ
ਆਖੇ, "ਕੋਰਾ ਕੁਫਰ ਹੈ ਇਹ ਤੇਰਾ ਈਮਾਨ" (ਸਰਨਾ, ਪੰਨਾ 19)

ਵਿਅਤੀਰੇਕ ਅਲੰਕਾਰ :

ਉਪਮਾਨ ਦੀ ਤੁਲਣਾ ਵਿੱਚ ਉਪਮੇਅ ਦੀ ਉੱਤਮਤਾ ਦਾ ਵਰਣਨ ਕਰਨਾ ਵਿਅਤੀਰੇਕ ਅਲੰਕਾਰ ਹੁੰਦਾ ਹੈ।[32]

ਹਸਰਤ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਬਹਾਦਰੀ ਦੇ ਸਾਹਮਣੇ ਦੁਨੀਆਂ ਦੇ ਮਹਾਨ ਜਰਨੈਲਾਂ ਹਿਟਲਰ, ਸਿਕੰਦਰ ਅਤੇ ਨੈਪੋਲੀਅਨ ਦੀ ਬਹਾਦਰੀ ਤੁੱਛ ਹੈ।

ਦਸ਼ਮੇਸ਼ ਦੀ ਅਸਮਤ ਭਾਰੀ ਹੈ

ਭਾਰਤ ਦੇ ਵਿੱਚ ਸਰਦਾਰੀ ਹੈ

ਨਾ ਕੋਈ ਸਿਕੰਦਰ ਹੈ ਸਾਨ੍ਹੀ

ਨਾ ਕੋਈ ਨੈਪੋਲੀਅਨ ਰੀਸ ਕਰੇ

ਇਸ ਸਦੀ ਦਾ ਹਿਟਲਰ ਵੀ ਜਾਪੇ

ਜਿਉਂ ਬਾਣੀ ਗੁਰ ਦੀ ਰੋਜ ਪੜ੍ਹੇ (ਹਸਰਤ, ਪੰਨਾ 92)

ਵੀਪਸਾ ਅਲੰਕਾਰ :

ਇਹ ਸ਼ਬਦ ਅਲੰਕਾਰ ਹੈ। ਜਦੋਂ ਕ੍ਰੋਧ, ਸ਼ੋਕ, ਅਨੰਦ ਆਦਿ ਦੇ ਅਸਰ ਹੇਠ ਇੱਕ ਸ਼ਬਦ ਨੂੰ ਵਾਰ-ਵਾਰ ਉਹਨਾਂ ਅਰਥਾਂ ਦੀ ਪੁਸ਼ਟੀ ਲਈ ਵਰਤੀਏ ਤਾਂ ਵੀਪਸਾ ਅਲੰਕਾਰ ਹੁੰਦਾ ਹੈ।[33]

ਹੈ ਧੰਨ-ਧੰਨ ਪੋਹ ਸੁਦੀ ਸੱਤਵੀਂ, ਧੰਨ ਵਾਰ ਹੋਇਆ ਰਵੀਵਾਰ

ਧੰਨ ਦਾਈ ਪੈਂਦੀ ਹੋ ਗਈ, ਜਿਸ ਛੂਹਿਆ ਇੱਕ ਓਅੰਕਾਰ

(ਤੁਲਸੀ, ਪੰਨਾ 25)

ਬੋਲੀ ਪੁਰੀ ਅਨੰਦ ਸੀ, ਵਾਹ-ਵਾਹ ਗੁਰ ਬਖਸ਼ਿੰਦ

ਧੰਨ ਗੁਰੂ ਗੋਬਿੰਦ ਹੈ, ਧੰਨ ਗੁਰੂ ਗੋਬਿੰਦ (ਤੁਲਸੀ, ਪੰਨਾ 111)

ਅਧਿਐਨ ਦੇ ਸਿੱਟੇ :

ਉਪਰੋਕਤ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਖੋਜ ਦੇ ਵਿਸ਼ੇ ਨਾਲ ਸਬੰਧਤ ਮਹਾਂਕਾਵਿ ਅਲੰਕਾਰਾਂ ਨਾਲ ਸ਼ਿੰਗਾਰੇ ਹੋਏ ਹਨ। ਮਹਾਂਕਾਵਿ ਲੇਖਕਾਂ ਨੇ ਕਥਾ ਪ੍ਰਬੰਧ ਦੀ ਉਸਾਰੀ ਉੱਤੇ ਵਧੇਰੇ ਬਲ ਦਿੱਤਾ ਹੈ। ਅਲੰਕਾਰ ਵਧੇਰੇ ਕਰਕੇ ਆਪ ਮੁਹਾਰੇ ਆਏ ਹਨ। ਇੰਦਰਜੀਤ ਸਿੰਘ ਤੁਲਸੀ ਨੇ ਸੁਚੇਤ ਤੌਰ ਉੱਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਉਹ ਅਨੁਪ੍ਰਾਸ ਅਲੰਕਾਰ ਦੀ ਭਰਪੂਰ ਵਰਤੋਂ ਕਰਦਾ ਹੈ। ਉਸਦੀ ਇੱਕ-ਇੱਕ ਤੁਕ ਵਿੱਚ ਇੱਕ ਤੋਂ ਵਧੇਰੇ ਅਲੰਕਾਰ ਹੁੰਦੇ ਹਨ। ਤੁਲਸੀ ਨੇ ਅਲੰਕਾਰਾਂ ਦੀ ਜੜ੍ਹਤ ਨਗੀਨਿਆਂ ਵਾਂਗ ਕੀਤੀ ਹੈ। ਅਲੰਕਾਰਾਂ ਦੀ ਭਰਮਾਰ ਹੋਣ ਕਾਰਨ ਲੇਖਕ ਦੀ ਸ਼ੈਲੀ ਅਲੰਕਾਰਕ ਸ਼ੈਲੀ ਹੈ। ਲੇਖਕ ਦੇ ਅਲੰਕਾਰ ਵਾਤਾਵਰਣ ਅਨੁਸਾਰ ਢੁੱਕਵੇਂ ਹਨ। ਯੁੱਧ ਦੇ ਵਰਣਨ ਸਮੇਂ ਨਾਦੀ ਮਹਾਂਪ੍ਰਾਣ ਧੁਨੀਆਂ ਦੀ ਬਰੰਬਾਰਤਾ ਜਿੱਥੇ ਅਨੁਪ੍ਰਾਸਕ ਸੁੰਦਰਤਾ ਪੈਦਾ ਕਰਦੀ ਹੈ, ਉੱਥੇ ਜੰਗੀ ਘੂਕਰ ਵੀ ਉਪਜਾਉਂਦੀ ਹੈ। ਸੁਖਪਾਲਵੀਰ ਸਿੰਘ ਹਸਰਤ ਦੀ ਰਚਨਾ ਦਾ ਬਹਾਅ ਕਿਸੇ ਪਹਾੜੀ ਨਦੀ ਵਰਗਾ ਹੈ। ਉਹ ਬੜੀ ਸੰਖੇਪ ਜਾਣਕਾਰੀ ਦਿੰਦਾ ਹੈ। ਇੱਕ ਵਿਚਾਰ ਪੇਸ਼ ਕਰਨ ਤੋਂ ਬਾਅਦ ਤੁਰੰਤ ਦੂਜਾ ਵਿਚਾਰ ਪੇਸ਼ ਕਰਦਾ ਹੈ। ਉਸਨੇ ਲਲਿਤ ਅਲੰਕਾਰ ਦੀ ਬਾਖੂਬੀ ਵਰਤੋਂ ਕੀਤੀ ਹੈ। ਲਲਿਤ ਅਲੰਕਾਰ ਵਿੱਚ ਵਿਚਾਰ ਸਿੱਧਾ ਪੇਸ਼ ਕਰਨ ਦੀ ਥਾਂ ਉਸਦਾ ਪ੍ਰਤੀਬਿੰਬ ਦਿੱਤਾ ਜਾਂਦਾ ਹੈ। ਅਵਤਾਰ ਸਿੰਘ ਅਜਾਦ ਦੇ ਅਲੰਕਾਰ ਆਪਮੁਹਾਰੇ ਆਏ ਹਨ। ਕੋਈ ਵਿਸ਼ੇਸ਼ ਯਤਨ ਕਰਕੇ ਨਹੀਂ ਲਿਆਂਦੇ ਗਏ। ਰਚਨਾ ਵਿੱਚ ਉਪਮਾ ਅਤੇ ਰੂਪਕ ਅਲੰਕਾਰਾਂ ਦੀ ਬਹੁਤਾਤ ਹੈ। ਮਹਿੰਦਰ ਸਿੰਘ ਸਰਨਾ ਦੀ ਰਚਨਾ ਵਿੱਚ ਉਤਪ੍ਰੇਖਿਆ ਅਲੰਕਾਰ, ਉਪਮਾ ਅਲੰਕਾਰ ਅਤੇ ਰੂਪਕ ਅਲੰਕਾਰ ਵਧੇਰੇ ਹਨ। ਸਾਰੇ ਮਹਾਂਕਾਵਿ

ਲੇਖਕਾਂ ਨੇ ਉਤਪ੍ਰੇਖਿਆ ਅਲੰਕਾਰ, ਉਪਮਾ ਅਲੰਕਾਰ, ਰੂਪਕ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ ਅਤੇ ਅਤਿਕਥਨੀ ਅਲੰਕਾਰ ਦੀ ਭਰਪੂਰ ਵਰਤੋਂ ਕੀਤੀ ਹੈ। ਉਪਮਾ ਅਲੰਕਾਰ ਰਾਹੀਂ ਗੁਣਾਂ ਦੇ ਨਾਲ-ਨਾਲ ਪਾਤਰਾਂ ਦੇ ਔਗੁਣ ਵੀ ਪੇਸ਼ ਕੀਤੇ ਹਨ। ਉਪਮਾਵਾਂ ਇਤਿਹਾਸ, ਮਿਥਿਹਾਸ ਅਤੇ ਸਭਿਆਚਾਰ ਵਿੱਚੋਂ ਲਈਆਂ ਗਈਆਂ ਹਨ। ਹਸਰਤ ਨੇ ਭਾਰਤੀ ਮਿਥਿਹਾਸ ਵਿੱਚੋਂ ਵਧੇਰੇ ਉਪਮਾਵਾਂ ਲਈਆਂ ਹਨ। ਉਹ ਉਰਵਸ਼ੀ, ਇੰਦਰ, ਰਿਸ਼ੀ ਵੇਦ ਵਿਆਸ, ਬਰਮਾ, ਰੰਭਾ, ਪਾਰਬਤੀ, ਗਣੇਸ਼, ਕਰਨ, ਅਰਜਣ ਆਦਿ ਦਾ ਜਿਕਰ ਕਰਦਾ ਹੈ। ਮਹਿਬੂਬ ਨੇ ਇਸਲਾਮ ਦੇ ਹਵਾਲੇ ਜ਼ਿਆਦਾ ਦਿੱਤੇ ਹਨ। ਉਹ ਜ਼ਦੀਦ, ਕਰਬਲਾ, ਮਿਅਰਾਜ਼, ਸੂਫ਼ੀ, ਕੋਹਿਤੂਰ, ਜ਼ਮਜ਼ਮ, ਦਾਰਾ, ਸਰਮਦ ਆਦਿ ਦੇ ਹਵਾਲੇ ਅਲੰਕਾਰਾਂ ਵਿੱਚ ਦੇਂਦਾ ਹੈ। ਸਰਨਾ ਇਸਲਾਮ ਅਤੇ ਭਾਰਤੀ ਸੰਸਕ੍ਰਿਤੀ ਦੇ ਹਵਾਲੇ ਦਿੰਦਾ ਹੈ।

ਬਹਾਦਰੀ ਦਾ ਜਿਕਰ ਕਰਨ ਲਈ ਸ਼ੇਰ, ਸ਼ੀਂਹ, ਬਾਘ, ਨਾਗ, ਅਰਜਣ, ਸਰਦੂਲ, ਕਰਨ ਆਦਿ ਉਪਮਾਨ ਵਰਤੇ ਹਨ। ਵਿਰੋਧੀ ਧਿਰ ਦੇ ਬਹਾਦਰਾਂ ਲਈ ਵੀ ਸਨਮਾਨ ਯੋਗ ਉਪਮਾਵਾਂ ਵਰਤੀਆਂ ਹਨ।

ਉੱਤਪ੍ਰੇਖਿਆ ਅਲੰਕਾਰ, ਉਦਾਤ ਅਲੰਕਾਰ, ਉਪਮਾ ਅਲੰਕਾਰ, ਰੂਪਕ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ ਅਤੇ ਅਨੁਪ੍ਰਾਸ ਅਲੰਕਾਰ ਸਾਰੇ ਮਹਾਂਕਾਵਾਂ ਵਿੱਚ ਮਿਲਦੇ ਹਨ। ਲੇਖਕਾਂ ਨੇ ਅਲੰਕਾਰਾਂ ਦੀਆਂ ਵੰਨਗੀਆਂ ਦੇ ਨਾਲ-ਨਾਲ ਇਹਨਾਂ ਦੀਆਂ ਉੱਪ ਵੰਨਗੀਆਂ ਦੀ ਪੇਸ਼ਕਾਰੀ ਵੀ ਕੀਤੀ ਹੈ। ਅਨੁਪ੍ਰਾਸ ਅਲੰਕਾਰ ਦੀ ਸਭ ਤੋਂ ਵੱਧ ਵਰਤੋਂ ਹੋਈ ਹੈ। ਅਲੰਕਾਰਾਂ ਲਈ ਉਪਮਾਨ ਵਧੇਰੇ ਕਰਕੇ ਪੇਂਡੂ ਜੀਵਨ ਵਿੱਚੋਂ ਲਏ ਗਏ ਹਨ। ਤੁਲਸੀ ਨੇ ਬਾਕੀ ਲੇਖਕਾਂ ਤੋਂ ਵੱਧ ਅਲੰਕਾਰ ਵਰਤੇ ਹਨ। ਲੇਖਕਾਂ ਦੀ ਇੱਕ-ਇੱਕ ਤੁਕ ਵਿੱਚ ਇੱਕ ਤੋਂ ਵਧੇਰੇ ਅਲੰਕਾਰ ਸਮਾਏ ਹੋਏ ਹਨ।

ਅਲੰਕਾਰ ਰਚਨਾ ਦੇ ਪ੍ਰਭਾਵ ਨੂੰ ਪ੍ਰਭਾਵਿਤ ਕਰਦੇ ਹਨ। ਲੇਖਕਾਂ ਨੇ ਭਾਵਾਂ ਨੂੰ ਸਪਸ਼ਟ ਕਰਨ ਲਈ ਅਲੰਕਾਰਾਂ ਦਾ ਸਹਾਰਾ ਲਿਆ ਹੈ। ਅਲੰਕਾਰਾਂ ਨਾਲ ਕਵੀਆਂ ਦੀ ਸ਼ੈਲੀ ਚਮਤਕਾਰੀ ਬਣ ਗਈ ਹੈ। ਲੇਖਕਾਂ ਦਾ ਵਿਸ਼ਾਲ ਜੀਵਨ ਅਨੁਭਵ ਮਹਾਂਕਾਵਿ ਦੇ ਅਲੰਕਾਰਾਂ ਲਈ ਸਮੱਗਰੀ ਪ੍ਰਦਾਨ ਕਰਦਾ ਹੈ। ਮਹਾਂਕਾਵਾਂ ਦਾ ਅਲੰਕਾਰ ਪ੍ਰਬੰਧ ਸਲਾਹੁਣ ਯੋਗ ਹੈ।

ਟਿੱਪਣੀਆਂ ਤੇ ਹਵਾਲੇ

1. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), *ਭਾਰਤੀ ਕਾਵਿ ਸ਼ਾਸਤ੍ਰ*, ਪੰਨਾ-105.
2. ਰਤਨ ਸਿੰਘ ਜੱਗੀ (ਡਾ.), *ਸਾਹਿਤ ਦੇ ਰੂਪ*, ਪੰਨਾ-7.
3. ਕਾਨ੍ਹ ਸਿੰਘ ਨਾਭਾ (ਭਾਈ), *ਮਹਾਨ ਕੋਸ਼*, ਪੰਨਾ-86.
4. "ਸ਼ਿੰਗਾਰ, ਗਹਿਣਾ, ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦਾ ਉਹ ਢੰਗ ਜਿਸ ਨਾਲ ਕਾਵਿ ਦੀ ਸੋਭਾ ਵਧੇ" *ਪੰਜਾਬੀ ਕੋਸ਼*, ਪੰਨਾ-70.
5. ਮੰਮਟ ਅਚਾਰੀਆ, *ਕਾਵਿ ਪ੍ਰਕਾਸ਼*, ਰਾਜਿੰਦਰ ਸਿੰਘ ਸ਼ਾਸਤ੍ਰੀ (ਅਨੁ.), ਪੰਨਾ-435,436.
6. ਉਹੀ, ਪੰਨਾ-389.
7. ਕਸ਼ੇਮੇਂਦ੍ਰ ਅਚਾਰੀਆ, *ਔਚਿੱਤਯ ਵਿਚਾਰ ਚਰਚਾ*, ਪੰਨਾ-5.
8. ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦਾਲੰਕਾਰ*, ਪੰਨਾ-1.
9. ਮੰਮਟ ਅਚਾਰੀਆ, ਉਹੀ, ਪੰਨਾ-506.
10. ਕਾਨ੍ਹ ਸਿੰਘ ਨਾਭਾ (ਭਾਈ), ਉਹੀ, ਪੰਨਾ-4.
11. ਉਹੀ, ਪੰਨਾ-22,23.
12. ਮੰਮਟ ਅਚਾਰੀਆ, ਉਹੀ, ਪੰਨਾ-524
13. ਕਾਨ੍ਹ ਸਿੰਘ ਨਾਭਾ (ਭਾਈ), ਉਹੀ, ਪੰਨਾ-24.
14. ਉਹੀ, ਪੰਨਾ-117.
15. ਉਹੀ, ਪੰਨਾ-57.
16. ਮੰਮਟ ਅਚਾਰੀਆ, ਉਹੀ, ਪੰਨਾ-414.
17. ਉਹੀ, ਪੰਨਾ-533.
18. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), ਉਹੀ, ਪੰਨਾ-123.
19. ਕਾਨ੍ਹ ਸਿੰਘ ਨਾਭਾ (ਭਾਈ), ਉਹੀ, ਪੰਨਾ-71.
20. ਉਹੀ, ਪੰਨਾ-72.
21. ਉਹੀ, ਪੰਨਾ-74.
22. ਉਹੀ, ਪੰਨਾ-78.
23. ਉਹੀ, ਪੰਨਾ-99.
24. ਮੰਮਟ ਅਚਾਰੀਆ, ਉਹੀ, ਪੰਨਾ-469.
25. ਕਾਨ੍ਹ ਸਿੰਘ ਨਾਭਾ (ਭਾਈ), ਉਹੀ, ਪੰਨਾ-122,123.

26. ਉਹੀ, ਪੰਨਾ-129.

27. ਉਹੀ, ਪੰਨਾ-146.

28. ਮੰਮਟ ਅਚਾਰੀਆ, ਉਹੀ, ਪੰਨਾ-531.

29. ਕਾਨ੍ਹ ਸਿੰਘ ਨਾਭਾ (ਭਾਈ), ਉਹੀ, ਪੰਨਾ-156,157.

30. ਉਹੀ, ਪੰਨਾ-171.

31. ਉਹੀ, ਪੰਨਾ-193.

32. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), ਉਹੀ, ਪੰਨਾ-119.

33. ਕਾਨ੍ਹ ਸਿੰਘ ਨਾਭਾ (ਭਾਈ), ਉਹੀ, ਪੰਨਾ-197.